੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ **5/-**

ਅੰਕ ੨੦ ਜਿਲਦ ੩੦ ੨੮ ਮਈ - ੩ ਜੂਨ ੨੦੨੦, ੧੫-੨੧ ਜੇਠ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 20 Volume 30, 28 May - 3 June 2020
Yearly Subscription India 250/-, Abroad 2500/- and Life Membership India 2500/-, Abroad 25000/-

## ਇਸ ਕੁਰਬਾਨੀ ਦੇ ਕ੍ਰਿਸ਼ਮੇ

❖ ਭਾਈ ਸਾਹਿਬ ਭਾਈ ਵੀਰ ਸਿੰਘ

ਸੰਗੀਤ ਤੇ ਕਾਵਯ ਆਦਿ ਕੋਮਲ ਉਨਰਾਂ ਦੇ ਪਰਮ ਗਯਾਤਾ ਸ੍ਰੀ ਗੁਰੂ ਅਰਜਨ ਦੇਵ ਜੀ ਰਸਿਕ ਵੈਰਾਗੀ ਤੇ ਪਰਮ ਉੱਚ ਰਸੀਏ, ਫਿਲਸਫੇ ਤੇ ਦਾਰਸਨਿਕ ਵਿਦਯਾ ਦੇ ਸਿਰਮੌਰ, ਵਾਹਿਗੁਰੂ ਜੀ ਦੇ ਦਰੋਂ ਆਏ ਪੈਗੰਬਰ ਤੇ ਅਵਤਾਰ, ਹਾਂ ਹਾਂ ਨਿਰੇ ਅਵਤਾਰ ਨਹੀਂ ਪਰ ਗੁਰ ਅਵਤਾਰ, ਕਿਸ ਇਨਸਾਨੀ ਸੰਗ-ਦਿਲੀ ਦੀ ਕਸ਼ਟਣੀਆਂ ਵਾਲੀ ਪੀੜਾ ਨੂੰ ਕਿਸ ਅਡੋਲਤਾ ਨਾਲ ਸਹਾਰਦੇ ਰਹੇ? ਹਾਂ ਐਡੀ ਸੁਹਲ ਭਾਵਾਂ ਨਾਲ ਭਰੀ ਜ਼ਿੰਦਗੀ ਕਿਸ ਵਹਿਸ਼ੀਆਨਾ ਤਸੀਹਿਆਂ ਨਾਲ ਸਮਾਪਤ ਕੀਤੀ ਗਈ, ਵਾਚਕੇ ਹੋਸ਼, ਹੋਸ਼ ਵਿਚ ਨਹੀਂ ਰਹਿੰਦੀ। ਹੈਰਾਨੀ ਦੀ ਹੱਦ ਨਹੀਂ ਰਹਿੰਦੀ ਕਿ ਜਿਸ ਬੇਰਹਿਮੀ ਨਾਲ ਕੀਤੇ ਗਏ ਵਾਕਿਆਂ ਨੂੰ ਪੜ੍ਹਦਿਆਂ ਨੈਣ ਵਹਿੰਦੇ ਨਹੀਂ ਠੱਲੇ ਰਹਿੰਦੇ, ਜਿਨ੍ਹਾਂ ਨੂੰ ਲਿਖਦਿਆਂ ਹਥ ਕੰਬਦੇ, ਦਿਲ ਧੜਕਦਾ ਤੇ ਕਲਮ ਰੁਕ ਜਾਂਦੀ ਹੈ, ਉਹ ਕੌਣ ਦਿਲ ਸਨ ਜਿਨ੍ਹਾਂ ਨੇ ਓਹ ਕਹਿਰ ਰਵਾ ਰਖੇ, ਉਹ ਕੌਣ ਇਨਸਾਨ ਸਨ ਜਿਨ੍ਹਾਂ ਨੇ ਓਹ ਕਹਿਰ ਅਪਣੇ ਹਥੀਂ ਵਰਤਾਏ? ਇਨਸਾਨ ਦੀ ਸੰਗਦਿਲੀ, ਹਾਂ ਸਭ ਜਾਨਵਰਾਂ ਤੋਂ ਅਸ਼ਰਫ ਇਨਸਾਨ ਦੇ ਹੀ ਹੱਥੋਂ ਐਸੇ ਜ਼ੁਲਮ ਹੋਣੇ ਇਨਸਾਨ ਦੀ ਨੀਵੀਂ ਖਸਲਤ ਦੇ ਅਤਜੰਤਤਾ ਦੇ ਦਰਸ਼ਨ ਹਨ, ਜੋ ਖਸਲਤ ਕਿ ਵਹਿਸ਼ੀਪਨੇ ਵਿਚ ਦਰਿੰਦਿਆਂ ਨੂੰ ਬੀ ਪਿੱਛੇ ਛੋੜ ਜਾਂਦੀ ਹੈ। ਦਰਿੰਦਾ ਪੇਟ ਜ਼ਾਲਮ ਖਾਤਰ ਨਿਰਦਯਤਾ ਕਰ ਬੈਠਦਾ ਹੈ, ਇਹੋ ਇਨਸਾਨ ਉਸਨੂੰ ਦੇਖਕੇ ਮਾੜਾ ਆਖਦਾ ਹੈ : ਪਰ ਆਪ ਇਨਸਾਨ ਆਪਣੇ ਖੋਟੇ ਭਾਵਾਂ ਹੇਠ ਉਨ੍ਹਾਂ ਤੋਂ ਵੱਧ ਵਹਿਸ਼ੀਪਨੇ ਕਰ ਗੁਜ਼ਰਦਾ ਹੈ, ਫੇਰ ਇਨਸਾਨ ਕਹਿਲਾਉਣ ਦਾ ਫ਼ਖਰ ਕਰਦਾ ਹੈ।

ਪਰ ਦੇਖੋ ਇਸੇ ਦਰਦਨਾਕ ਹੋਣੀ ਦੀ ਵਿਸਮਾਦ ਪੈਦਾ ਕਰ ਦੇਣ ਵਾਲੀ ਤੇ ਸਿਫਤ ਸਲਾਹ ਵਿਚ ਡੋਬ ਦੇਣ ਵਾਲੀ ਇਕ ਹੋਰ 'ਤਸਵੀਰ', ਉਹ ਹੈ ਇਹ ਕਿ ਇਤਨੀ ਬੜੀ ਕੋਮਲ ਹੁਨਰਾਂ ਤੇ ਸੁਹਲ ਭਾਵਾਂ ਦੀ ਮਾਲਕ ਵਜਕਤੀ ਕੀਕੂੰ ਸਹਨਸ਼ੀਲਤਾ ਨਾਲ, ਕਿਸ ਸਹਾਰੇ ਨਾਲ, ਕਿਸ ਅਡੋਲ ਅਹਿੱਲ ਧੈਰਯ ਨਾਲ ਵਹਿਸ਼ੀਆਨਾ ਜ਼ੁਲਮਾਂ ਤੇ ਅਸਹਿ ਕਸ਼ਟਾਂ ਨੂੰ ਸਹਾਰਦੀ ਹੈ। ਇਹ ਸੋਚਕੇ ਭਾਈ ਗੁਰਦਾਸ ਨਾਲ 'ਗੁਰ ਅਰਜਨ ਵਿਟਹੁ ਕੁਰਬਾਣੀ' ਦੀ ਸੱਦ ਆਮੁਹਾਰੀ ਕਲੇਜੇ ਤੋਂ ਗੂੰਜ ਉਠਦੀ ਹੈ।

ਤੀਸਰਾ ਦ੍ਰਿਸ਼ਜ- ਇਸ ਅਸਹਿ ਕਸ਼ਟਣੀਆਂ ਦੀ ਸੱਚੀ ਦਾਸਤਾਨ ਤੋਂ ਉਹ ਸੁਮਤਿ ਉੱਭਰ ਖੜੋਂਦੀ ਹੈ ਜੋ ਪ੍ਰਜਾ ਦਾ ਰੰਗ ਪਲਟ ਜਾਂਦੀ ਹੈ। ਉਹ ਦਬੇਲ ਕੌਮ, ਜੋ ਪਠਾਣਾਂ ਦੇ ਰਾਜ ਹੇਠ ਜ਼ੁਲਮ ਸਹਿ ਸਹਿ ਕੇ ਮਰਦਊ ਗੁਆ ਬੈਠੀ ਸੀ, ਜੋ ਬਾਬਰ ਦੀ ਕਤਲਾਮ ਤੋਂ ਸਹਿਮ ਖਾਕੇ ਇਨਸਾਨੀਅਤ ਤੋਂ ਨੀਵੀਂ ਹੋ ਗਈ ਸੀ, ਜਿਸਨੂੰ ਮਾੜਾ ਜੇਹਾ ਸਾਹ ਅਕਬਰ ਦੇ ਸਮੇਂ ਅਜੇ ਆਇਆ ਹੀ ਸੀ ਤੇ ਹੁਣ ਫੇਰ ਉਹੋ ਇਸਲਾਮੀ ਤਅੱਸਬ, ਜਿਸਨੇ ਹਿੰਦ ਨਪੀੜ ਘੱਤਿਆ ਸੀ, ਜਹਾਂਗੀਰ ਵਰਗੇ ਅਬਿਵਸਥਿਤ ਪਾਤਸ਼ਾਹ ਦੀ ਦਿਲ-ਪਟਾਰੀ ਵਿਚੋਂ ਫੁੰਕਾਰੇ ਮਾਰ ਉੱਠਿਆ। ਉਸ ਦੁਬੇਲ ਕੌਮ ਵਿਚ ਇਸ ਮਹਾਂਪੁਰਖ, ਮਹਾਂ ਗੁਰੂ ਤੇ ਮਹਾਨ ਕਲਾ ਕੌਸਲੀਏ ਦੀ ਕਸ਼ਟ ਝੱਲਣੀ ਤੇ ਜਿੰਦ ਵਾਰਨੀ ਨੇ ਨਵੀਂ ਜਿੰਦ ਫੂਕ ਦਿੱਤੀ। ਹਾਂ; ਉਸ ਵਿਚ ਅਹਿਸਾਸ ਆ ਗਿਆ ਕਿ ਬਦੇਸ਼ੋਂ ਆਈ ਮੁਗ਼ਲੀਆ ਹਕੂਮਤ ਦਾ ਟਾਕਰਾ ਅਸੀਂ ਕਰ ਸਕਦੇ ਹਾਂ। ਜਿਸ ਕ੍ਰੋੜਾਂ ਦੀ ਹਿੰਦ ਆਬਾਦੀ ਵਿਚੋਂ ਮਹਮੂਦ ਗਜ਼ਨਵੀ ਸੋਮਨਾਥ ਦਾ ਮੰਦਰ ਢਾਹਕੇ ਅਰਬਾਂ ਰੁਪੈ ਦੇ ਜ੍ਵਾਹਰਾਤ ਤੇ ਸੋਨਾ ਚਾਂਦੀ ਇਕ ਮੁੱਠੀ ਭਰ ਪਠਾਣਾਂ ਦੀ ਫ਼ੌਜ ਨਾਲ ਲੁੱਟ ਕੇ ਲੈ ਜਾਂਦਾ ਹੈ ਤੇ ਕ੍ਰੋੜਾਂ ਹਿੰਦ ਵਾਸੀ ਤੱਕਦੇ ਹੀ ਰਹਿ ਜਾਂਦੇ ਹਨ, ਹਾਂ ਉਸ ਦੁਬੇਲ ਤੇ ਹੀਣੀ ਹੋ ਚੁਕੀ ਪਰਜਾ ਵਿਚ ਇਹ ਦਿਲਕਾਹ ਸ਼ਹਾਦਤ ਇਹ ਦੀਦਾਰਾ ਦੇ ਜਾਂਦੀ ਹੈ ਕਿ ਅਸੀਂ ਏਸਨੂੰ ਭੰਨ ਕੇ ਸੁਤੰਤ੍ਰ ਹੋ ਸਕਦੇ ਹਾਂ। ਇਹ ਉਸ ਪਵਿਤ੍ਰ ਖ਼ੂਨ ਦੇ ਲਾਹੌਰ ਦੇ ਰੇਤ ਬਲਿਆਂ ਵਿਚ ਡਿਗੀਆਂ ਬੂੰਦਾਂ ਦਾ ਜਾਦੂ ਭਰਿਆ ਬੂਟਾ ਉਗ ਖੜੋਤਾ।

ਚੌਥੀ ਹੋਰ ਇਕ ਗਲ- ਸਾਰੇ ਭਗਤ ਦੁਖਾਂ ਵੇਲੇ ਪ੍ਰਭੂ ਦੀ ਸਹਾਯਤਾ ਮੰਗਦੇ ਆਏ ਤੇ ਸਹਾਯਤਾ ਮਿਲਦੀ ਆਈ। ਵਾਚੋ ਪ੍ਰਹਿਲਾਦ ਦੇ ਬਚਾਉ, ਕਬੀਰ ਜੀ ਨੂੰ ਡੁੱਬਣ ਨਾ ਦੇਣਾ, ਨਾਮਦੇਵ ਜੀ ਦੀ ਗਾਂ ਜੀ ਉਠਣੀ, ਪਰ ਅੱਜ ਦੇਖੋ, ਅੱਜ ਏਸ ਸੁਹਲ ਜਿੰਦੜੀ ਨੇ, ਇਸ ਮਲੂਕ ਜਾਨ ਨੇ, ਇਸ ਕਲਾ ਕੋਸਲੀਏ ਮੁਲਾਯਮ ਦੇਹ ਵਾਲੇ ਦਾਤੇ ਨੇ ਉਲਟਾ ਦਿਖਾਈ। ਕੀਹ

### ਅੰਦਰ


- ਗੁਰੂ ਅਰਜਨ ਬਾਣੀ :... 3
- ਸੰਤ ਬਿਮਲਾ ਸਿੰਘ: ਪੀੜਾ-ਹਰਨ ਦਾਤਾ 6
- The Holy City of Tarn Taran 7
- ਰੁਖਾਂ ਦੀ ਜੀਰਾਂਦ 9
- ਮੇਰੀ ਖਿੜ੍ਹੀ ਰਹੇ ਗੁਲਜ਼ਾਰ : ਗ਼ਜ਼ਲ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਸਬਕ ਦਿੱਤਾ ਕਿ ਜੋ ਕੁਛ ਆਵੇ ਸਹੋ, ਸਹਾਰੋ, ਭਾਣਾ ਸਮਝੋ ਤੇ ਭਾਣਾ ਮਿੱਠਾ ਕਰਕੇ ਮੰਨੋ। ਅਪਣੇ ਤੇ ਕਸ਼ਟ ਝੱਲ ਕੇ ਸਰਬ ਸਾਧਾਰਣ ਨੂੰ ਮੱਤ ਦਿੱਤੀ ਕਿ ਜ਼ਾਲਮ ਦਾ ਜ਼ੁਲਮ ਸਹਾਰੋ ਪਰ ਅਸੂਲ ਨਾ ਛੋੜੋ, ਸਤਜ ਹਥੋਂ ਨਾ ਦਿਓ। ਗਊ ਜਿਵਾ ਕੇ, ਨਾ ਡੁਬਕੇ ਜ਼ਾਲਮ ਜ਼ੁਲਮੋਂ ਨਾ ਟਲਿਆ ਪਰ ਹੁਣ ਦੂਜਾ ਪੱਖ ਲਓ। ਝੱਲੋ ਤੇ ਝੱਲਕੇ ਨਿਜ ਤਾਣ ਵਧਾਓ ਤੇ ਜ਼ਾਲਮ ਨੂੰ ਜ਼ੁਲਮ ਕਰਨੋਂ ਅਪਾਹਜ ਕਰ ਦਿਓ। ਇਹ ਦੇਸ਼ ਨੂੰ ਜ਼ਾਲਮਾਂ ਤੋਂ ਆਜ਼ਾਦ ਕਰਾਉਣ ਲਈ ਮੱਤਿ ਸਿਖਾਈ। ਜਾਣਦੇ ਸਨ ਕਿ ਜਾਨ ਪਿਆਰੀ ਕਰਨੀ ਤੇ ਸੱਚ ਨੂੰ ਛੱਡਣਾ ਸੌਖਾ ਕੰਮ ਹੈ, ਪਰ ਜਾਨ ਪਿਆਰੀ ਕਰਨੀ ਗ਼ੁਲਾਮੀ ਦਾ ਜੀਵਨ ਲੈਣਾ, ਜ਼ਿੱਲਤ ਦਾ ਜੀਵਨ ਹੈ, ਉਸ ਤੋਂ ਮਰਨਾ ਸ੍ਰੇਸ਼ਟ ਹੈ। ਹਰ ਕੋਈ ਪ੍ਰਹਲਾਦ ਨਹੀਂ ਹੋ ਸਕਦਾ, ਹਰ ਕੋਈ ਕਬੀਰ ਨਹੀਂ ਹੋ ਸਕਦਾ, ਹਰ ਕੋਈ ਵਿਚ ਉਹ ਜੀਵਨ ਕਿਵੇਂ ਆਵੇ ਕਿ ਉਹ ਜ਼ਿੱਲਤ ਦੇ ਜੀਵਨ ਨਾਲੋਂ ਇੱਜ਼ਤ ਦੀ ਮੌਤ ਨੂੰ ਉੱਚਾ ਸਮਝੇ। ਇਹ ਹੋਰ ਗੱਲ ਸੀ ਜੋ ਗੁਰੂ ਅਰਜਨ ਦੇਵ ਜੀ ਨੇ ਪ੍ਰਜਾ ਨੂੰ ਸਿਖਾਈ, ਉਪਦੇਸ਼ ਮਾਤ੍ਰ ਨਾਲ ਹੀ ਨਹੀਂ, ਦੁਖ ਪੀੜਾ ਕਸ਼ਟ ਆਪ ਸਹਿ ਸਹਿ ਕੇ ਸਿਖਾਈ। ਜੇ ਆਪ ਨਾ ਸਹਿੰਦੇ ਤਾਂ ਸਿਖ ਪੰਜ ਕਤਲਾਮਾਂ ਕੀਕੂੰ ਸਹਾਰਦੇ ਤੇ ਫੇਰ ਜੀਉਂਦੇ ਰਹਿੰਦੇ? ਏਹ ਹਨ ਨਜ਼ਾਰੇ, ਏਹ ਹਨ ਸਬਕ, ਏਹ ਹਨ ਅਮਲੀ ਤਾਲੀਮਾਂ ਜੋ ਇਸ ਅਦੁਤੀ ਸ਼ਹਾਦਤ ਨੇ ਬਖਸ਼ੀਆਂ।

ਬਾਕੀ ਰਹੀ ਇਡੇ ਕਰੜੇ ਤਸੀਹਿਆਂ ਵਿਚ, ਜੋ ਭਾਈ ਸੰਤੋਖ ਸਿੰਘ ਜੀ ਤੇ ਹੋਰ ਇਤਿਹਾਸਾਂ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟਵਰਤੀ ਸੱਚੇ ਮਹਾਂਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿਖਾਂ ਤੋਂ ਅੱਖੀ ਡਿੱਠੀ ਸੁਣਕੇ ਇਉਂ ਦਿੱਤੀ-

**ਰਹਿਦੇ ਗੁਰੁ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ। ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ। ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ। ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ। ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ। ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ। ਗੁਰ ਅਰਜੁਨ ਵਿਟਹੁ ਕੁਰਬਾਣੀ॥੨੩॥** (ਵਾਰ ੨੪)

ਅਰਥ- ਗੁਰ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਬਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਦੇ ਸਾਖਜਾਤਕਾਰ ਹੋ ਰਿਹਾ ਸੀ, ਉਸ) ਦਰਸ਼ਨ ਨੂੰ ਵੇਖ ਕੇ ਪਤੰਗ ਵਾਂਙੂ ਉਹਨਾਂ ਦੀ ਜੋਤਿ ਜੋਤੀ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸੁਰਤ ਸ਼ਬਦ ਵਿਚ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ ਉਨ੍ਹਾਂ ਦੇ ਚਿੱਤ ਵਿਚ ਨਹੀਂ ਆਇਆ। (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ, (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਗਈ, ਆਪ ਸਹਜਾਨੰਦ ਵਿਚ ਹੀ ਰਹੇ)। (ਅੰਤਮ-ਸ੍ਵਾਸਾਂ ਤਕ ਬੀ) ਬਾਂਬੀਹੇ ਦੀ ਤਰ੍ਹਾਂ ਪੁਕਾਰ ਕੇ (ਸ਼ਬਦ ਦਾ) ਵੱਖਜਾਨ ਕਰਦੇ ਰਹੇ। ਗੁਰਮੁਖ (ਗੁਰੂ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ: ਜਿਨਾਂ ਦੀ ਇਹ ਅਚਰਜ ਕਰਨੀ ਸੀ।

**- ਅਸ਼ਟ ਗੁਰ ਚਮਤਕਾਰ, ਭਾਗ-੨ 'ਚੋਂ**

## ਗੱਲ ਸੁਣ ਲੈ ਰਾਵੀਏ ਨੀ

ਗੱਲ ਸੁਣ ਲੈ ਰਾਵੀਏ ਨੀ, ਸਤਿਗੁਰ ਆਏ ਤੂੰ ਸਤਿਕਾਰੀਂ।
ਛਾਲੇ ਨੇ ਬਦਨ ਉੱਤੇ ਪਾਣੀ ਨੂੰ ਆਪ ਨਾ ਠੋਕਰ ਮਾਰੀਂ।
ਹੋਇਆ ਜ਼ੁਲਮ ਹੈ ਡਾਢਾ ਨੀਂ ਜੱਗੋਂ ਗੱਲ ਤੇਹਰਵੀਂ ਹੋਈ।
ਧਾਹ ਮਾਰੀ ਅੰਬਰ ਨੇ, ਧਰਤੀ ਭੁੱਬਾਂ ਮਾਰਕੇ ਰੋਈ।

ਕਰ ਭਾਗ ਸਵੱਲੇ ਤੂੰ, ਗੁਰੂ ਜੀ ਕੋਲ ਤੇਰੇ ਨੇ ਆਏ।
ਹੋ ਗਈ ਪਵਿੱਤਰ ਤੂੰ, ਗੁਰਾਂ ਨੇ ਚਰਨ ਤੇਰੇ ਵਿੱਚ ਪਾਏ।
ਜੀਹਦੀ ਧੂੜ ਦੇ ਕਣਕਣ ਨੂੰ, ਤਰਸਦੀ ਫਿਰਦੀ ਦੁਨੀਆਂ ਸਾਰੀ।
ਗੱਲ ਸੁਣ ਲੈ ਰਾਵੀਏ ਨੀ................

ਛਾਲੇ ਛਾਲੇ ਹੋਇਆ ਨੀ, ਪਿੰਡਾਂ ਮੱਖਣਾਂ ਪਾਲਿਆ ਗੋਰਾ।
ਹੁਣ ਤੇਰੇ ਵਲੋਂ ਨੀ, ਦੇਖੀਂ ਤੂੰ ਕਸ਼ਟ ਮਿਲੇ ਨਾ ਭੋਰਾ।
ਲੈ ਲੈ ਵਿੰਚ ਬੁੱਕਲ ਦੇ, ਅੱਜ ਤੂੰ ਹੋ ਜਾ ਮਿੱਠੀ ਪਿਆਰੀ।
ਗੱਲ ਸੁਣ ਲੈ ਰਾਵੀਏ ਨੀ................

ਜਦੋਂ ਛਾਲੇ ਫਿੱਸਦੇ ਨੇ, ਪਾਣੀ ਛਾਲਿਆਂ ਵਿਚੋਂ ਚੋਵੇ।
ਦੋ ਜੱਗ ਦੇ ਮਾਲਕ ਨੂੰ, ਰਾਵੀਏ! ਪੀੜ ਰਤਾ ਨਾ ਹੋਵੇ।
ਤੂੰ ਕਹਿਦੇ ਲਹਿਰਾਂ ਨੂੰ, ਹੌਲੀ ਵੱਗਣ ਨਾ ਬਣਨ ਹੰਕਾਰੀ।
ਗੱਲ ਸੁਣ ਲੈ ਰਾਵੀਏ ਨੀ................

ਅੱਜ ਮੁਗ਼ਲ ਹਕੂਮਤ ਨੇ, ਸਿਰ ਤੇ ਪੰਡ ਪਾਪਾਂ ਦੀ ਧਰਲੀ।
ਇਹਨੇ ਬੇੜੀ ਆਪਣੀ ਨੀ, ਪਾਪ ਦੇ ਵੱਟਿਆਂ ਦੇ ਨਾਲ ਭਰਲੀ।
ਜਹਾਂਗੀਰ ਬਾਦਸ਼ਾਹ ਜੋ, ਬਣ ਗਿਆ ਜ਼ਾਲਮ ਅੱਤਿਆਚਾਰੀ।
ਗੱਲ ਸੁਣ ਲੈ ਰਾਵੀਏ ਨੀ................

ਮੂੰਹ ਕਾਲਖ ਪਾਪਾਂ ਦੀ, ਅੱਲਾ ਨੇ ਨਾ ਮੁਗ਼ਲਾਂ ਦੀ ਧੋਣੀ।
ਅੰਤ ਹਾਰਨੇ ਬਾਬਰੇ ਕੇ, ਜਿੱਤ ਹੈ ਬਾਬੇ ਕਿਆਂ ਦੀ ਹੋਣੀ।
ਅੱਜ 'ਦੇਵ ਥਰੀਕਿਆਂ' ਦੇ, ਰਾਵੀਏ ਸੱਚੀ ਗੱਲ ਉਚਾਰੀ।
ਗੱਲ ਸੁਣ ਲੈ ਰਾਵੀਏ ਨੀ................

**-ਦੇਵ ਥਰੀਕਿਆਂ ਵਾਲਾ**

**-ਬਾਬੇ ਕੇ ਬਨਾਮ ਬਾਬਰ ਕੇ 'ਚੋਂ**

# ਗੁਰੂ ਅਰਜਨ ਬਾਣੀ : ਲੋਕਯਾਨਿਕ ਸੰਚਾਰ ਵਿਧੀ

❖ ਡਾ. ਕੁਲਦੀਪ ਕੌਰ ਪਾਹਵਾ

ਸਮੁੱਚੀ ਗੁਰਬਾਣੀ ਇਕ ਅਜਿਹੀ ਸੰਚਾਰ-ਰਚਨਾ ਹੈ, ਜਿਸ ਦੁਆਰਾ ਗੁਰੂ ਬਾਣੀਕਾਰ ਪਰਕ ਸਤਿ ਦੇ ਹੁਕਮ ਨੂੰ ਵਿਸ਼ਿਸ਼ਟ ਬਾਣੀ-ਵਿਧਾਨ ਦੁਆਰਾ ਸੰਚਾਰਿਤ ਕਰਦੇ ਹਨ। ਬਾਣੀ ਸਾਡੇ ਕੋਲ ਪ੍ਰਮਾਣਿਕ ਲਿਖਤੀ ਰੂਪ ਵਿੱਚ ਮੌਜੂਦ ਹੈ। ਇਸ ਲਈ ਇਸ ਨੂੰ ਸਾਰਥਕ ਰੂਪ ਵਿੱਚ ਵਾਚਣ ਅਤੇ ਸਮਝਣ ਲਈ ਬਾਣੀ ਦੇ ਆਂਤਰਿਕ ਸੰਗਠਨ ਦੀ ਵਿਸ਼ਿਸ਼ਟਤਾ ਅਤੇ ਇਸ ਦੇ ਅੰਦਰ ਨਿਰਧਾਰਤ ਸੰਚਾਰ-ਪ੍ਰਬੰਧ ਨੂੰ ਗ੍ਰਹਿਣ ਕਰਨਾ ਬਹੁਤ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਬਾਣੀਕਾਰ ਸਨ, ਜਿਨ੍ਹਾਂ 'ਗੁਰੂ ਗ੍ਰੰਥ ਸਾਹਿਬ' ਜਿਹੀ ਮਹਾਨ ਰਚਨਾ ਦਾ ਸੰਪਾਦਨ ਕੀਤਾ; ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਾਲੇ ਪੰਥ ਦੀ ਧਾਰਕ ਉਨ੍ਹਾਂ ਦੀ ਬਾਣੀ ਤੋਂ ਇਲਾਵਾ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਉਨ੍ਹਾਂ ਦੀ ਆਪਣੀ ਬਾਣੀ, ਜੋ ਮਾਤਰਾ ਵਿੱਚ ਸਭ ਗੁਰੂ ਸਾਹਿਬਾਨ ਤੋਂ ਜ਼ਿਆਦਾ ਹੈ, ਨੂੰ ਹੀ ਨਹੀਂ ਸਗੋਂ ਸਮਕਾਲੀ ਸੰਤਾਂ, ਭਗਤਾਂ, ਭੱਟਾਂ ਅਤੇ ਸੂਫ਼ੀਆਂ ਦੀ ਰਚਨਾ ਨੂੰ ਵੀ ਉਚਿਤ ਮਰਿਆਦਾ ਦੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਕਰ ਕੇ ਇਕ ਅਦੁੱਤੀ ਧਰਮ-ਗ੍ਰੰਥ ਦਾ ਨਿਰਮਾਣ ਕੀਤਾ; ਜੋ ਬਿਨਾਂ ਕਿਸੇ ਜ਼ਾਤ, ਧਰਮ, ਇਲਾਕੇ, ਫਿਰਕੇ ਅਤੇ ਭਾਸ਼ਾ ਦੇ ਫ਼ਰਕ ਤੋਂ ਸਮੁੱਚੇ ਮਾਨਵ-ਮਾਤਰ ਨੂੰ ਉੱਚਤਮ ਦੈਵੀ ਗੁਣਾਂ ਨਾਲ ਭਰਪੂਰ ਜੀਵਨ-ਜਾਚ ਸਿਖਾਉਂਦਾ ਹੈ, ਪਰ ਇਸ ਦੀ ਵਿਸ਼ਿਸ਼ਟਤਾ ਇਸ ਗੱਲ ਵਿੱਚ ਹੈ ਕਿ ਗੁਰਬਾਣੀ ਮਨੁੱਖ ਨੂੰ ਸਾਧਾਰਣਤਾ ਤੋਂ ਦਿੱਬਤਾ ਤੱਕ ਦੇ ਰੂਪਾਂਤਰ ਦੇ ਸਫ਼ਰ ਵਿੱਚ ਲੋਕਮੁਖੀ ਸੇਧ ਦਿੰਦੀ ਹੋਈ ਇਕ ਸਹਿਜ ਅਤੇ ਸਰਲ ਮਾਰਗ ਉੱਤੇ ਤੋਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੇ ਸੰਪਾਦਨ ਦੌਰਾਨ ਸੰਚਾਰ ਨੂੰ ਮੁੱਖ ਰੱਖ ਕੇ ਸਿਰਜੇ ਗਏ ਬਾਣੀ-ਪ੍ਰਬੰਧ ਦੇ ਨਿਰਦੇਸ਼ਾਤਮਕ ਨੁਕਤਿਆਂ ਨੂੰ ਪਛਾਣ ਕੇ ਇਸ ਦੇ ਅੰਦਰ ਨਿਹਿਤ ਪਰਮਸੱਤ ਨੂੰ ਸਮਝਿਆ ਅਤੇ ਬੁੱਝਿਆ ਜਾ ਸਕਦਾ ਹੈ। ਗੁਰਬਾਣੀ ਅਕਾਲ ਪੁਰਖ ਦਾ ਆਦੇਸ਼ ਹੈ, ਜਿਸ ਨੂੰ ਲੋਕਾਈ ਤੱਕ ਪਹੁੰਚਾਉਣ ਦਾ ਬੀੜਾ ਗੁਰੂ-ਕਿਆਂ ਨੇ ਚੁੱਕਿਆ ਸੀ। ਗੁਰਬਾਣੀ ਮੂਲ ਸਿਰਜਣਾ ਹੈ ਜੋ ਮੁੱਢਲੇ ਸੋਮੇ ਤੋਂ ਪ੍ਰਾਪਤ ਆਵੇਸ਼ ਦੁਆਰਾ ਸਿਰਜਿਤ 'ਧੁਰ ਕੀ ਬਾਣੀ', 'ਖਸਮ ਕੀ ਬਾਣੀ', 'ਸੱਚੀ ਬਾਣੀ', 'ਹਉ ਕਹਿਆ ਸਭ ਹੁਕਮਾਉ ਜੀਉ' ਵਾਲੀ ਰਚਨਾ ਹੈ। ਇਹ ਦੈਵੀ-ਗੁਣ-ਸੰਪੰਨ ਰਚਨਾ ਉਨ੍ਹਾਂ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਹੈ, ਜਿਨ੍ਹਾਂ ਵੇਲੇ ਦੇ ਧਰਮ-ਪਸਾਰੇ ਵਿੱਚੋਂ ਇਕ ਬਿਲਕੁਲ ਵਿਲੱਖਣ ਅਤੇ ਨਿਵੇਕਲੇ ਧਰਮ ਦਾ ਆਵਾਹਨ ਕੀਤਾ ਅਤੇ ਆਮ ਲੋਕਾਂ ਤੱਕ ਇਸ ਨੂੰ ਪਹੁੰਚਾਉਣ ਦਾ ਉਪਰਾਲਾ ਕੀਤਾ। ਗੁਰੂ ਸਾਹਿਬਾਨ ਦੁਆਰਾ ਰਚੀ ਗਈ ਬਾਣੀ ਵਿਚਲਾ ਸੰਦੇਸ਼ ਭਗਤੀ ਲਹਿਰ ਦੇ ਸਮਾਨਾਂਤਰ ਮੱਧਕਾਲੀਨ ਬ੍ਰਾਹਮਣਵਾਦ ਅਤੇ ਪੂਰਵ-ਪ੍ਰਚੱਲਿਤ ਸਮੂਹ ਧਰਮਾਂ ਦੇ ਕਰਮ-ਧਰਮ, ਪਾਖੰਡਾਂ ਅਤੇ ਕੱਟੜਤਾ ਦੇ ਮੁਕਾਬਲੇ ਸਰਬ ਸਾਂਝੀ ਮਾਨਵੀ ਸਰੋਕਾਰਾਂ ਵਾਲੀ ਸਰਲੀਕ੍ਰਿਤ ਧਾਰਮਿਕ ਜੀਵਨ-ਜਾਚ ਸਿਖਾਉਂਦਾ ਹੈ। ਗੁਰੂ ਸਾਹਿਬਾਨ ਨੇ ਰੱਬੀ-ਸੰਦੇਸ਼, ਅਧਿਆਤਮਕ ਬੋਧ ਅਤੇ ਪਰਮਸੱਤ ਦੇ ਰਹੱਸਾਤਮਕ ਅਨੁਭਵ ਨੂੰ ਪ੍ਰਗਟਾਉਣ ਲਈ ਅਜਿਹੀਆਂ ਸੰਚਾਰ ਜੁਗਤਾਂ ਵਰਤੀਆਂ, ਜੋ ਸਮਕਾਲੀ ਪ੍ਰਸਥਿਤੀਆਂ ਦੇ ਅਨੁਕੂਲ ਹੁੰਦੀਆਂ ਹੋਈਆਂ ਅਤਿ ਸਰਲ ਪਰ ਬਹੁਤ ਪ੍ਰਭਾਵਸ਼ਾਲੀ ਰੂਪ ਵਿੱਚ ਆਮ ਲੋਕਾਈ ਦੇ ਅੰਦਰ ਗੁਰਬਾਣੀ ਦੇ ਸੰਦੇਸ਼ ਨੂੰ ਸੰਚਾਰਿਤ ਕਰਦੀਆਂ ਹਨ। ਗੁਰਬਾਣੀ ਮੁੱਖ ਰੂਪ ਵਿੱਚ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦੇ ਸਿਧਾਂਤ ਦੀ ਪਾਲਣਾ ਕਰਦੀ ਹੈ। ਇਸ ਸਿਧਾਂਤ ਦੇ ਅੰਤਰਗਤ ਮਨੁੱਖ ਪੂਰਵ-ਨਿਰਧਾਰਿਤ ਧਾਰਮਿਕ ਨੇਮਾਂ ਅਨੁਸਾਰ ਸਮਾਜ ਨੂੰ ਤਿਆਗ ਕੇ ਜੰਗਲਾਂ, ਕੰਦਰਾਂ ਜਾਂ ਗੁਫ਼ਾਵਾਂ ਦੇ ਇਕਾਂਤ ਵਿੱਚ ਭਗਤੀ ਕਰਨ ਦੀ ਥਾਂ ਸਮਾਜ ਵਿੱਚ ਵਿਚਰਦਿਆਂ, ਸਮੂਹ ਕਾਰ-ਵਿਹਾਰ ਕਰਦਿਆਂ, ਆਮ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਮੁਕਤੀ ਵੱਲ ਅਗ੍ਰਸਰ ਰਹਿ ਸਕਦਾ ਹੈ। ਗੁਰਬਾਣੀ ਦੇ ਇਸੇ ਦਾਰਸ਼ਨਿਕ ਪਰਿਪੇਖ ਦੇ ਅੰਤਰਗਤ ਲੋਕ-ਜੀਵਨ ਦੇ ਵਿਹਾਰਕ ਪੱਖ ਨੂੰ ਹੀ ਆਪਣੇ ਆਸ਼ੇ ਦੇ ਸੰਚਾਰ ਦਾ ਮਾਧਿਅਮ ਬਣਾਉਂਦੇ ਹੋਏ ਗੁਰੂ-ਕਵੀਆਂ ਨੇ ਲੋਕਯਾਨਿਕ ਸੰਚਾਰ-ਜੁਗਤਾਂ ਦਾ ਸਭ ਤੋਂ ਵੱਧ ਇਸਤੇਮਾਲ ਕੀਤਾ।

ਸੰਚਾਰ ਇਕ ਅਜਿਹਾ ਸੰਕਲਪ ਹੈ, ਜੋ ਸਮੁੱਚੇ ਪ੍ਰਾਣੀ-ਮਾਤਰ ਵਿੱਚ ਵਿਆਪਤ ਹੈ, ਪਰ ਮਨੁੱਖੀ ਜਗਤ ਵਿੱਚ ਸੰਚਾਰ ਦਾ ਇਕ ਵਿਸ਼ੇਸ਼ ਮਹੱਤਵ ਹੈ। ਵਿਚਾਰਾਂ, ਭਾਵਨਾਵਾਂ, ਸੂਚਨਾਵਾਂ, ਸੰਕੇਤਾਂ ਦਾ ਆਦਾਨ-ਪ੍ਰਦਾਨ ਕਿਸੇ ਸਾਂਝੇ ਅਰਥ-ਪਸਾਰੇ ਦੁਆਰਾ ਕੀਤਾ ਜਾਂਦਾ ਹੈ। ਸੰਚਾਰ ਦੀ ਪ੍ਰਕ੍ਰਿਆ ਮੁੱਖ ਰੂਪ ਵਿੱਚ ਸੰਦੇਸ਼ਾਂ ਦੇ ਉਤਪਾਦਨ, ਗ੍ਰਹਿਣ ਕਰਨ ਅਤੇ ਸਮਝਣ ਆਦਿ ਦੇ ਪੱਖਾਂ ਨਾਲ ਜੁੜੀ ਹੁੰਦੀ ਹੈ। ਇਹ ਅਨੁਭਵ ਦਾ ਸਥਾਨਾਂਤਰਨ ਹੈ ਜੋ ਇਕ ਮਨੁੱਖੀ ਮਨ ਤੋਂ ਦੂਜੇ ਮਨੁੱਖੀ ਮਨ ਤੱਕ ਹੁੰਦਾ ਹੈ; ਕਿਉਂਕਿ ਗੁਰਬਾਣੀ ਦਾ ਲੋਕ ਜੀਵਨ ਨਾਲ ਸਿੱਧਾ ਅਤੇ ਅਟੁੱਟ ਸੰਬੰਧ ਹੈ, ਇਸ ਲਈ ਵਿਭਿੰਨ ਲੋਕਯਾਨਿਕ ਪਸਾਰਾਂ ਨੂੰ ਜੀਵਨ-ਮੁਕਤੀ ਦੇ ਸਿਧਾਂਤ ਨੂੰ ਪੂਰਿਆਂ ਕਰਨ ਲਈ ਵਰਤਿਆ ਗਿਆ ਅਤੇ ਲੋਕਧਾਰਾਈ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਬੁੱਝਣ ਵਿੱਚ ਸਹਾਇਤਾ ਲਈ ਗਈ। ਗੁਰਬਾਣੀ ਕਿਸੇ ਜ਼ਾਤ-ਪਾਤ, ਗੁਣ, ਵਿਅਕਤੀ ਵਿਸ਼ੇਸ਼ ਜਾਂ ਸ਼੍ਰੇਣੀ ਵਿਸ਼ੇਸ਼ ਨੂੰ ਮੁਖ਼ਾਤਿਬ ਨਹੀਂ ਹੁੰਦੀ, ਸਗੋਂ ਇਹ ਤਾਂ 'ਉਪਦੇਸ਼ ਚਹੁ ਵਰਣਾ ਕਉ ਸਾਂਝਾ' ਹੈ। ਸੋ, ਸਾਮੂਹਿਕਤਾ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਇਕ ਬੀਜ-ਬਿੰਦੂ ਬਣ ਕੇ ਪ੍ਰਸਤੁਤ ਹੁੰਦੀ ਹੈ:

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥**

(ਅੰਗ ੧੧੮੫)

ਇਸ ਸ਼੍ਰੇਣੀ-ਸਮੂਹ ਵਿੱਚ ਪ੍ਰਵੇਸ਼ ਕਰਨ ਲਈ ਸਿਰਫ ਸਤਿਨਾਮ ਜਾਂ ਹਰਿਨਾਮ ਦਾ ਆਸਰਾ ਲੈਣਾ ਜ਼ਰੂਰੀ ਹੈ। ਹੋਰ ਕਿਸੇ ਵੀ ਤਰ੍ਹਾਂ ਦੀ ਕੋਈ ਦਰਕਾਰ ਨਹੀਂ:

**ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥**
**ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥**
**ਓਂ ਨਮੋ ਭਗਵੰਤ ਗੁਸਾਈ॥ ਖਾਲਕੁ ਰਵਿ ਰਹਿਆ ਸਰਬ ਠਾਈ॥ਰਹਾਉ॥**

'ਸਾਮੂਹਿਕਤਾ' ਲੋਕਯਾਨ ਦਾ ਵਿਸ਼ੇਸ਼ ਗੁਣ ਹੈ, ਜੋ ਵਿਅਕਤੀ ਵਿਸ਼ੇਸ਼ ਵਿੱਚ ਵੀ Collective unconscious ਦੇ ਤੌਰ 'ਤੇ ਮੌਜੂਦ ਹੁੰਦਾ ਹੈ। ਇਸ ਨੂੰ ਗੁਰੂ ਸਾਹਿਬ ਸੰਚਾਰ-ਵਿਧੀ ਦੇ ਰੂਪ ਵਿੱਚ ਪ੍ਰਯੋਗ ਕਰ ਕੇ ਸਮੂਹ ਸ਼੍ਰੇਣੀਆਂ, ਜ਼ਾਤਾਂ ਅਤੇ ਵਿਭਿੰਨ ਸਾਂਸਕ੍ਰਿਤਿਕ ਜਮਾਤਾਂ

ਨਾਲ ਮਾਨਵੀ ਸਾਂਝ ਦਾ ਪ੍ਰਗਟਾਵਾ ਕਰਦੇ ਹਨ। ਇਹ 'ਲੋਕਮਨ' ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਹੈ। ਲੋਕਯਾਨ 'ਲੋਕਮਨ' ਦੀ ਅਭਿਵਿਅਕਤੀ ਹੈ ਅਤੇ ਅਭਿਵਿਅਕਤੀ ਨੂੰ ਗੁਰਬਾਣੀ ਵਿੱਚ ਅਧਿਆਤਮਕ ਬੋਧ ਲਈ ਪ੍ਰਯੋਗ ਕੀਤਾ ਗਿਆ ਹੈ। ਲੋਕ-ਸਮੂਹ ਨਾਲ ਸੰਬੰਧਿਤ ਉਹ ਸਾਰੀ ਪਰੰਪਰਾਗਤ ਸੋਚ ਅਤੇ ਵਿਹਾਰ ਲੋਕਮਨ ਦਾ ਪ੍ਰਗਟਾਵਾ ਹੁੰਦੀ ਹੈ ਅਤੇ ਲੋਕ-ਸਮੂਹ ਉਸ ਨੂੰ ਪ੍ਰਵਾਨ ਕਰ ਕੇ ਪੀੜ੍ਹੀ-ਦਰ-ਪੀੜ੍ਹੀ ਵਿਕਸਿਤ ਕਰਦਾ ਹੈ। ਲੋਕ ਜੀਵਨ ਵਿਚ ਸਮਾਈਆਂ ਹੋਈਆਂ ਪਰੰਪਰਕ ਰਵਾਇਤਾਂ ਪੁਰਖਿਆਂ ਦਾ ਉਹ ਸਹਿਜ ਅਨੁਭਵ ਹੁੰਦੀਆਂ ਹਨ ਜੋ ਸਾਨੂੰ ਪੀੜ੍ਹੀ-ਦਰ-ਪੀੜ੍ਹੀ ਪ੍ਰਾਪਤ ਹੁੰਦੀਆਂ ਹਨ। ਲੋਕਮਨ ਦਾ ਮੂਲ ਆਧਾਰ ਉਹ ਮੂਲ-ਮਾਨਵੀ-ਪ੍ਰਵਿਰਤੀਆਂ (instincts) ਹੁੰਦੀਆਂ ਹਨ, ਜੋ ਹਰ ਮਨੁੱਖ ਦੇ ਗਹਿਰੇ ਧਰਾਤਲਾਂ ਵਿੱਚ ਸਮਾਈਆਂ ਹੁੰਦੀਆਂ ਹਨ, ਭਾਵੇਂ ਮਨੁੱਖ ਕਿੰਨਾ ਹੀ ਵਿਗਿਆਨਕ ਅਤੇ ਪ੍ਰਗਤੀਸ਼ੀਲ ਸੋਚ ਵਾਲਾ ਕਿਉਂ ਨਾ ਹੋਵੇ। ਇਹੀ ਮੂਲ ਪ੍ਰਵਿਰਤੀਆਂ ਸਾਡੇ ਜੀਵਨ ਵਿੱਚ ਧਰਮ, ਦਰਸ਼ਨ, ਸਾਹਿਤ ਅਤੇ ਨੀਤੀ-ਆਚਾਰ ਦੀਆਂ ਆਧਾਰਭੂਤ ਰੂੜ੍ਹੀਆਂ ਬਣਦੀਆਂ ਹਨ। ਇਨ੍ਹਾਂ ਦਾ ਸੰਬੰਧ ਸਾਡੇ Collective unconscious ਨਾਲ ਹੁੰਦਾ ਹੈ, ਜੋ ਲੋਕਮਨ ਦਾ ਇਕ ਜ਼ਰੂਰੀ ਹਿੱਸਾ ਹੈ। ਲੋਕਮਨ ਦੀ ਅਭਿਵਿਅਕਤੀ ਹੀ ਲੋਕ ਜੀਵਨ ਦਾ ਮੂਲ ਭੂਤ ਆਧਾਰ ਹੈ ਅਤੇ ਇਹੀ ਲੋਕ ਤੱਤਾਂ ਦੇ ਰੂਪ ਵਿੱਚ ਅਭਿਵਿਅਕਤ ਹੁੰਦਾ ਹੈ। ਭਾਵੇਂ ਗੁਰਬਾਣੀ ਵਿੱਚ ਬੌਧਿਕ-ਤੱਤ ਅਗਰਭੂਮੀ ਉਤੇ ਪ੍ਰਗਟ ਹੁੰਦੇ ਹਨ; ਪਰ ਬੌਧਿਕ ਰਹੱਸਾਂ ਨੂੰ ਖੋਲ੍ਹਦਿਆਂ ਲੋਕਯਾਨ ਦੀ ਅਭਿਵਿਅੰਜਨ ਵਿਧੀਆਂ ਨੂੰ ਅਪਣਾਇਆ ਗਿਆ ਹੈ, ਜਿਸਦੇ ਫਲਸਰੂਪ ਬਾਣੀ ਵਿੰਚ ਸੰਚਾਰਿਤ ਅਰਥ ਸਿਧਾਂਤਕ ਹੁੰਦੇ ਹੋਏ ਵੀ ਮਨੁੱਖ ਜੀਵਨ ਨਾਲ ਓਤਪੋਤ, ਸਜੀਵ ਅਤੇ ਆਕਰਸ਼ਕ ਲਗਦੇ ਹਨ। ਇਹੀ ਕਾਰਣ ਹੈ ਕਿ ਗੁਰਬਾਣੀ ਹੋਰ ਧਰਮ ਗ੍ਰੰਥਾਂ ਦੇ ਮੁਕਾਬਲੇ ਆਮ ਲੋਕਾਂ ਵਿੱਚ ਵਧੇਰੇ ਮਕਬੂਲ ਹੋਈ। ਗੁਰੂ ਅਰਜਨ-ਬਾਣੀ ਵਿੱਚ ਇਸ ਦੀਆਂ ਕਈ ਥਾਵਾਂ 'ਤੇ ਸੁੰਦਰ ਉਦਾਹਰਣਾਂ ਮਿਲ ਜਾਂਦੀਆਂ ਹਨ। ਪਰਮ ਸੱਤਾ ਦੇ ਪਾਰਗਾਮੀ ਸੰਕਲਪ ਨੂੰ ਸਾਧਾਰਣ ਮਨੁੱਖੀ ਸੋਚ ਦੇ ਮੇਚ ਲਿਆ ਕੇ ਪੇਸ਼ ਕਰਨਾ ਗੁਰੂ ਅਰਜਨ-ਬਾਣੀ ਦੀ ਵਿਸ਼ੇਸ਼ ਪ੍ਰਾਪਤੀ ਹੈ :

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥**
**ਸੰਤਹੁ ਘਟਿ ਘਟਿ ਰਹਿਆ ਸਮਾਹਿਓ॥**
**ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥ਰਹਾਉ॥**

(ਅੰਗ ੬੧੭)

ਪ੍ਰੇਮ-ਭਾਵ ਇਕ ਸਦੀਵੀ ਭਾਵ ਹੈ ਜੋ ਮਾਨਵੀ ਮਨ ਦਾ ਅਹਿਮ ਗੁਣ ਹੈ। ਗੁਰੂ ਅਰਜਨ ਦੇਵ ਦੀ ਬਾਣੀ ਵਿੰਚ ਇਸੇ ਸ਼ਾਸ਼ਵਤ ਭਾਵ ਨੂੰ ਪ੍ਰਭੂ-ਪ੍ਰੇਮ ਦੇ ਪ੍ਰਗਟਾਵੇ ਲਈ ਸੰਚਾਰ-ਵਿਧੀ ਵਜੋਂ ਵਰਤਿਆ ਗਿਆ ਹੈ। ਬਾਣੀਕਾਰਾਂ ਨੇ ਪ੍ਰੇਮ-ਭਾਵ ਨੂੰ ਸ੍ਰੇਸ਼ਟ ਪ੍ਰੀਤ ਦੇ ਰੂਪ ਵਿੱਚ ਸੰਚਾਰਿਤ ਕੀਤਾ ਹੈ, ਜਿਸ ਸਦਕਾ ਰਹੱਸਵਾਦੀ ਸਾਧਕ ਦੀ ਮਨੋਮਈ ਅਵਸਥਾ ਨੂੰ ਲੋਕ ਰੂਪ ਨਾਲ ਇਕਸੁਰ ਕਰ ਦਿੱਤਾ ਹੈ।

ਗੁਰੂ ਅਰਜਨ-ਬਾਣੀ ਦੀਆਂ ਕੁਝ ਉਦਾਹਰਨਾਂ ਪੇਸ਼ ਹਨ :

(੧) **ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥**
**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥**

(ਆਦਿ ਗ੍ਰੰਥ, ਅੰਗ ੭੦੩)

(੨) **ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥**
**ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥੧॥ਰਹਾਉ॥**

(ਅੰਗ ੮੩੦)

(੩) **ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ॥**

(ਅੰਗ ੬੨੪)

ਸਾਕਾਚਾਰੀ ਲੋਕ ਜੀਵਨ ਦਾ ਅਹਿਮ ਹਿੱਸਾ ਹੈ। ਲੋਕਯਾਨਕ ਸੰਚਾਰ-ਵਿਧੀ ਦੇ ਅੰਤਰਗਤ ਗੁਰੂ ਅਰਜਨ ਦੇਵ ਜੀ ਨੇ ਵਿਆਹੁਤਾ ਇਸਤਰੀ ਦੇ ਸਹੁਰੇ ਘਰ ਦੇ ਜੀਆਂ ਅਤੇ ਪਤੀ-ਪਤਨੀ ਦੇ ਪ੍ਰੇਮ ਨੂੰ ਬ੍ਰਹਮ-ਵਿਚਾਰ ਦਾ ਮਾਧਿਅਮ ਬਣਾਇਆ ਹੈ :

**ਆਸਾ ਮਹਲਾ ੫**
**ਸਸੂ ਤੇ ਪਿਰਿ ਕੀਨੀ ਵਾਖਿ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ॥**
**ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥੧॥ ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥ ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿਨਾਮੁ ਦਿਵਾਇਆ॥ਰਹਾਉ॥**

(ਅੰਗ (ਅੰਗ ੩੭੦)

ਇਸੇ ਤਰ੍ਹਾਂ ਪਤੀ-ਪਤਨੀ ਅਤੇ ਸੌਂਕਣ ਦੇ ਰਿਸ਼ਤਿਆਂ ਦੁਆਰਾ ਆਤਮਾ-ਪ੍ਰਮਾਤਮਾ ਅਤੇ ਮਾਇਆ ਦੇ ਸੰਕਲਪ ਨੂੰ ਪ੍ਰਤੀਕਬੱਧ ਕਰ ਕੇ ਪ੍ਰਮਾਤਮਾ ਦੇ ਹੁਕਮ ਦੀ ਅਨਿਵਾਰਿਤਾ ਨੂੰ ਸੰਚਾਰਤ ਕੀਤਾ ਹੈ :

**ਆਸਾ ਮਹਲਾ ੫॥**
**ਮੀਠੀ ਆਗਿਆ ਪਿਰ ਕੀ ਲਾਗੀ॥ ਸਉਕਨਿ ਘਰ ਕੀ ਕੰਤਿ ਤਿਆਗੀ॥**
**ਪ੍ਰਿਅ ਸੋਹਾਗਨਿ ਸੀਗਾਰਿ ਕਰੀ॥ ਮਨ ਮੇਰੇ ਕੀ ਤਪਤਿ ਹਰੀ॥**
**ਭਲੋ ਭਇਓ ਪ੍ਰਿਅ ਕਹਿਆ ਮਾਨਿਆ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ॥ਰਹਾਉ॥** (ਅੰਗ ੩੯੪)

ਧਰਮ ਮਾਨਵ-ਜੀਵਨ ਵਿੱਚ ਵਿਸ਼ਵਾਸ-ਪੂਰਵਕ ਜ਼ਿੰਦਗੀ ਜਿਉਣ ਦਾ ਸ੍ਰੋਤ ਹੈ। ਮਨੁੱਖ ਦੇ ਅਵਚੇਤਨ ਵਿੱਚ ਕੁਝ ਵਿਸ਼ਵਾਸ ਆਦਿ ਕਾਲ ਤੋਂ ਹੀ ਚੱਲੇ ਆ ਰਹੇ ਹਨ। ਇਹ ਵਿਸ਼ਵਾਸ ਉਸ ਲੋਕ ਤਾਤਵਿਕ ਬਿਰਤੀ ਦੇ ਸੂਚਕ ਹਨ, ਜੋ ਧਰਮ ਬਾਰੇ ਪ੍ਰਚੱਲਿਤ ਮਿੱਥਾਂ ਅਤੇ ਪੌਰਾਣਿਕ ਕਥਾਵਾਂ ਵਿੱਚ ਉਜਾਗਰ ਹੁੰਦੇ ਹਨ। ਅੱਜ ਵੀ ਦੇਵਤੇ, ਰਿਸ਼ੀ-ਮੁਨੀ, ਅਵਤਾਰ, ਪੀਰ-ਪੈਗੰਬਰ, ਗੁਰੂ ਆਦਿ ਬਾਰੇ ਵਿਸ਼ਵਾਸ-ਪੂਰਵਕ ਦ੍ਰਿਸ਼ਟਾਂਤ ਧਰਮ ਦਾ ਆਧਾਰ ਹਨ। ਪਰ ਕਿਉਂਕਿ ਗੁਰਬਾਣੀ ਮੂਲ ਰੂਪ ਵਿੱਚ ਲੋਕਮੁਖੀ ਹੈ ਇਸੇ ਲਈ ਗੁਰੂ ਸਾਹਿਬਾਨ ਮਾਨਵ-ਮਾਤਰ ਦੇ ਕਲਿਆਣ ਲਈ ਅਜਿਹੀ ਬਾਣੀ ਰਚਦੇ ਹਨ, ਜੋ ਉਨ੍ਹਾਂ ਨੂੰ ਧਾਰਮਿਕ ਰਹੁਰੀਤਾਂ ਦੇ ਕੱਟੜ ਅਤੇ ਕਰਮ-ਕਾਂਡੀ ਜਾਲ ਵਿੱਚੋਂ ਮੁਕਤ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਤੀਰਥ ਇਸ਼ਨਾਨ, ਯੱਗ, ਹੋਮ, ਮੋਨ ਵਰਤ, ਦਾਨ ਆਦਿ ਕਰਮ-ਕਾਂਡ ਉਪਰ ਕਰੜੀ ਆਲੋਚਨਾ ਮਿਲਦੀ ਹੈ :

**ਹੋਮ ਜਗ ਉਰਧ ਤਪ ਪੂਜਾ॥**
**ਕੋਟਿ ਤੀਰਥ ਇਸਨਾਨ ਕਰੀਜਾ॥**
**ਚਰਨ ਕਮਲ ਨਿਮਖ ਰਿਦੈ ਧਾਰੇ॥**
**ਗੋਬਿੰਦ ਜਪਤ ਸਭਿ ਕਾਰਜ ਸਾਰੇ॥** (ਅੰਗ ੧੩੪੯)

ਇਸ ਤੋਂ ਬਿਨਾਂ ਲੋਕਯਾਨਿਕ-ਸੰਚਾਰਮੁਕਤਾ ਦਾ ਸਭ ਤੋਂ ਵੱਡਾ ਆਧਾਰ ਗੁਰਬਾਣੀ ਦੇ ਰੂਪਕ ਪੱਖ ਵਿੱਚ ਨਿਹਿਤ ਹੈ। ਗੁਰੂ ਸਾਹਿਬ ਨੇ ਆਪਣੇ ਅਧਿਆਤਮਕ ਉਦੇਸ਼ ਦੀ ਪੂਰਤੀ ਹਿਤ ਲੋਕ ਕਾਵਿ-ਰੂਪਾਂ ਨੂੰ ਮੌਲਿਕ ਵਿਧਾਨ ਦੇ ਅੰਤਰਗਤ ਵਿਲੱਖਣ ਤੇ ਵਿਸ਼ਿਸ਼ਟ ਪ੍ਰਬੰਧ ਅਧੀਨ ਪ੍ਰਸਤੁਤ ਕੀਤਾ, ਜਿਸਦੇ ਅਧੀਨ ਇਕ ਵਿਸ਼ੇਸ਼ ਅਨੁਸ਼ਾਸਨ ਵਿੱਚ ਰਹਿ ਕੇ ਜਨਮ ਤੋਂ ਲੈ ਕੇ ਮੌਤ ਤੱਕ ਦੇ ਸੰਸਕਾਰਾਂ, ਰਸਮਾਂ, ਰਹੁਰੀਤਾਂ, ਤਿੱਥਾਂ, ਤਿਉਹਾਰਾਂ ਅਤੇ ਖ਼ੁਸ਼ੀ-ਗ਼ਮੀ ਦੇ ਪ੍ਰਗਟਾਵੇ ਨੂੰ ਭੌਤਿਕ ਤੋਂ ਪਰਾਭੌਤਿਕ ਦੇ ਰੂਪਾਂਤਰਨ ਵਿੱਚ ਦ੍ਰਿਸ਼ਟੀਮਾਨ ਕੀਤਾ। ਸੋਹਿਲੇ, ਘੋੜੀਆਂ, ਛੰਤ,

ਅਲਾਹੁਣੀਆਂ, ਵਾਰ, ਬਾਰਹਮਾਹ, ਆਰਤੀ, ਪਹਰੇ, ਥਿਤੀ ਆਦਿ ਲੋਕ-ਕਾਵਿ ਰੂਪਾਂ ਦੁਆਰਾ ਮਨੁੱਖੀ ਜੀਵਨ ਵਿੱਚ ਬਿਆਪਤ ਪਰਮ ਤੱਤਾਂ ਦੀ ਮੌਜੂਦਗੀ ਦਾ ਅਹਿਸਾਸ ਕਰਵਾਇਆ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਬਾਰਹਮਾਹ, ਅੰਜਲੀ, ਮੁੰਦਾਵਣੀ, ਦਿਨ ਰੈਣ, ਗੁਣਵੰਤੀ ਆਦਿ ਕਾਵਿ-ਰੂਪਾਂ ਦਾ ਲੋਕਤਾਤਵਿਕ ਰੂਪ ਵਿੱਚ ਪ੍ਰਯੋਗ ਹੋਇਆ ਹੈ।

**ਬਾਰਹਮਾਹ:** ਇਕ ਵਿਸ਼ੇਸ਼ ਲੋਕ-ਕਾਵਿ-ਰੂਪ ਹੈ, ਜਿਸ ਵਿੱਚ ਬਿਕ੍ਰਮੀ ਸੰਮਤ ਦੇ ਬਾਰਾਂ ਮਹੀਨਿਆਂ ਦੇ ਆਧਾਰ 'ਤੇ ਕਵੀ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਂਦਾ ਹੈ। ਗੁਰੂ ਅਰਜਨ ਦੇਵ ਜੀ ਨੇ 'ਬਾਰਹਮਾਹਾ ਮਾਂਝ' ਵਿੱਚ ਹਰ ਮਹੀਨੇ ਦੇ ਮੌਸਮ ਨੂੰ ਮਨੁੱਖੀ ਜੀਵਨ ਉਪਰ ਘਟਾਂਦਿਆਂ ਹੋਇਆਂ ਅਧਿਆਤਮਕ ਬੋਧ ਦੇ ਲਕਸ਼ ਨੂੰ ਪ੍ਰਾਪਤ ਕਰਨ ਉੱਤੇ ਬਲ ਦਿੱਤਾ। ਰਾਮਕਲੀ ਰਾਗ ਵਿੱਚ ਛੇ ਰੁੱਤਾਂ ਨੂੰ ਆਧਾਰ ਬਣਾ ਕੇ ਰਚੀ ਬਾਣੀ 'ਰੁਤੀ' ਵੀ ਮੂਲ ਰੂਪ ਵਿੱਚ ਲੋਕਯਾਨਿਕ ਕਾਵਿ-ਰੂਪ ਹੈ।

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**
**ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥**

(ਅੰਗ ੧੩੩)

**ਅੰਜਲੀ:** ਕਾਵਿ-ਰੂਪ ਦੇਵਤਿਆਂ ਤੇ ਮਿੱਤਰਾਂ ਨੂੰ ਪਾਣੀ ਦੀ ਚੂਲੀ ਅਰਪਣ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ-ਰੂਪ ਹੈ। ਗੁਰੂ ਅਰਜਨ ਦੇਵ ਜੀ ਦੀਆਂ ਦੋ ਅੰਜਲੀ ਰਚਨਾਵਾਂ ਮਾਰੂ ਰਾਗ ਵਿੱਚ ਮਿਲਦੀਆਂ ਹਨ, ਜਿਨ੍ਹਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਦਾ ਸੰਕੇਤ ਹੈ।

**ਬਿਰਖੈ ਹੇਠ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥**
**ਅਸਤੁ ਉਦੋਤੁ ਭਇਆ ਉਠ ਚਲੇ ਜਿਉ ਜਿਉ ਅਉਧ ਵਿਹਾਣੀਆ॥**

(ਅੰਗ ੧੦੧੯)

**ਮੁੰਦਾਵਣੀ :** ਇਕ ਪੋਠੋਹਾਰੀ ਸੰਸਕਾਰਕ ਰੀਤ ਹੈ, ਜੋ ਜੰਞ ਦੀ ਰੋਟੀ ਖਾਣ ਸਮੇਂ ਥਾਲੀ ਬੰਨ੍ਹ ਕੇ ਕੀਤੀ ਜਾਂਦੀ ਹੈ। 'ਜੰਞ ਬੰਨ੍ਹਣ' ਦੀ ਰੀਤ ਸਮੇਂ ਗਾਏ ਜਾਂਦੇ ਗੀਤ ਅਤੇ ਬੁਝਾਰਤਾਂ ਨੂੰ ਮੁੰਦਾਵਣੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਮੁੰਦਾਵਣੀ ਦੁਆਰਾ ਅਧਿਆਤਮਕ ਸੰਦੇਸ਼ ਇਉਂ ਸੰਚਾਰਿਤ ਕਰਦੇ ਹਨ :

**ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥**

**.........**

**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥**

**ਦਿਨ ਰੈਣਿ :** ਕਾਵਿ-ਰੂਪ ਨੂੰ ਸਿਰਫ਼ ਗੁਰੂ ਅਰਜਨ ਦੇਵ ਜੀ ਨੇ ਹੀ ਵਰਤਿਆ ਹੈ। ਮਾਝ ਰਾਗ ਵਿੱਚ ਲਿਖੀ ਗਈ ਇਸ ਬਾਣੀ ਵਿੱਚ ਦਿਨ-ਰਾਤ ਦੇ ਕਰਨਯੋਗ ਕਰਮ ਦੱਸੇ ਗਏ ਹਨ ਅਤੇ ਨਾਮ ਸਿਮਰਨ ਅਤੇ ਸੇਵਾ ਨੂੰ ਜੀਵਨ ਦਾ ਸ੍ਰੇਸ਼ਠ ਕਰਮ ਦੱਸਿਆ ਹੈ।

**ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ॥** (੧੩੭)

**ਗੁਣਵੰਤੀ :** ਗੁਰੂ ਨਾਨਕ ਦੇਵ ਜੀ ਦੁਆਰਾ ਸੂਹੀ ਰਾਗ ਵਿੱਚ ਸੁਚਜੀ, ਕੁਚਜੀ ਦੇ ਸਿਰਲੇਖ ਹੇਠ ਬਾਣੀ ਦਰਜ ਹੈ। ਗੁਣਵੰਤੀ ਗੁਰੂ ਅਰਜਨ ਦੇਵ ਦੀ ਰਚਨਾ ਹੈ, ਜਿਸਨੂੰ ਸੂਹੀ ਰਾਗ ਵਿੱਚ ਲਿਖਿਆ ਹੈ। ਇਹ ਪੰਜਾਬੀ ਲੋਕ-ਮੁਹਾਵਰੇ ਵਾਲੀ ਰੰਗਤ ਰੱਖਦਾ ਕਾਵਿ-ਰੂਪ ਵਰਤ ਕੇ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਸ਼ੁਭ ਗੁਣਾਂ ਦਾ ਉਪਦੇਸ਼ ਦੇ ਕੇ ਹੁਕਮ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਹਨ:

## ਸ਼ਹੀਦੀ

ਸ਼ਹੀਦੀ ਪਾਈ ਤੇ, ਰੀਤ ਨਿਭਾਈ ਸਤਿਗੁਰ,
ਹੁਕਮ ਮੰਨਿਆ ਓਸ ਕਰਤਾਰ ਦਾ ਏ।

ਚੰਦੂ ਪਾਪੀ ਨੇ ਕੀਤੇ ਸੀ ਜ਼ੁਲਮ ਬਹੁਤੇ,
ਕੰਮ ਸਾਰਾ ਇਹ ਉਸ ਗ਼ੱਦਾਰ ਦਾ ਏ।

ਦਿੱਤੇ ਬਹੁਤ ਤਸੀਹੇ ਸੀ ਗੁਰਾਂ ਤਾਂਈਂ,
ਅੰਦਰੋਂ ਅੰਦਰ ਸੀ ਕੰਮ ਜੋ ਖ਼ਾਰਦਾ ਏ।

ਨਾਮ ਬਾਣੀ ਵਿਚ ਗੁਰੂ ਜੀ ਖੁਸ਼ ਰਹਿੰਦੇ,
ਅਪਣੇ ਭਗਤਾਂ ਦੇ ਤਾਂਈਂ ਸਹਾਰਦਾ ਏ।

ਤਾਕਤ ਗੁਰਾਂ 'ਚ ਜ਼ੁਲਮ ਸਹਾਰਨੇ ਦੀ,
ਨਜ਼ਾਰਾ ਇਹ ਤਾਂ ਉਸ ਦੇ ਪਿਆਰ ਦਾ ਏ।

ਤਪਦੇ ਤਵੇ ਤੇ ਬੈਠੇ ਸੀ ਗੁਰੂ ਅਰਜਨ,
ਬੁਰੇ ਬੰਦਿਆਂ ਤਾਂਈਂ ਜੋ ਤਾਰਦਾ ਏ।

ਬੱਲਦੀ ਅੱਗ ਤੇ ਕੌਣ ਹੈ ਬੈਠ ਸਕਦਾ,
ਤਪਦੀ ਰੇਤ ਦੇ ਤਾਂਈਂ ਓਹ ਠਾਰਦਾ ਏ।

ਰੀਤ ਪਾਈ ਸ਼ਹੀਦੀ ਦੀ ਆਪ ਮਾਲਕ,
ਗੁਰੂ ਬਨਿਆ ਉਹ ਸਾਰੇ ਸੰਸਾਰ ਦਾ ਏ॥

**-ਸੁਰਜੀਤ ਆਰਟਿਸਟ**


**ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥**
**ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥**

(ਅੰਗ ੭੬੩)

ਲੋਕਯਾਨਿਕ-ਸੰਚਾਰ ਜੁਗਤ ਦਾ ਇਕ ਹੋਰ ਮਹੱਤਵਪੂਰਨ ਅੰਗ, ਲੋਕ ਸੰਗੀਤ ਹੈ। ਗੁਰੂ ਬਾਣੀਕਾਰ ਭਾਵੇਂ ਸ਼ਾਸਤਰੀ ਰਾਗ ਵਿੱਦਿਆ ਤੋਂ ਭਲੀ-ਭਾਂਤ ਪਰਿਚਿਤ ਹਨ, ਪਰ ਬਾਣੀ ਪ੍ਰਸਤੁਤੀ ਲਈ ਲੋਕ ਸੰਗੀਤ ਨੂੰ ਵਿਭਿੰਨ ਲੋਕ-ਕਾਵਿ ਰੂਪਾਂ ਦੇ ਗਾਇਨ ਪ੍ਰਬੰਧ ਦੇ ਮੌਲਿਕ ਰੂਪ ਨੂੰ ਧਿਆਨ ਵਿੱਚ ਰੱਖ ਕੇ ਇਕ ਵਿਸ਼ਿਸ਼ਟ ਸੰਗੀਤ-ਪ੍ਰਬੰਧ ਦੇ ਰੂਪ ਵਿੱਚ ਪੇਸ਼ ਕਰ ਕੇ ਲੋਕ ਸੰਗੀਤਕ-ਪ੍ਰਬੰਧ ਦੇ ਸੌਂਦਰਯਾਤਮਕ ਮੁੱਲਾਂ ਨੂੰ ਜੀਵੰਤ ਰੱਖਦਿਆਂ ਅਧਿਆਤਮਕ ਵਿਚਾਰਾਂ ਦਾ ਸੰਚਾਰ ਕੀਤਾ। ਉਪਰੋਕਤ ਸਾਰੀ ਚਰਚਾ ਤੋਂ ਇਹੀ ਸਿੱਧ ਹੁੰਦਾ ਹੈ ਕਿ ਗੁਰਬਾਣੀ ਦੀ ਲੋਕਪ੍ਰਿਯਤਾ ਦਾ ਵੱਡਾ ਕਾਰਨ ਉਸ ਦੀ ਤੀਬਰ ਸੰਚਾਰਸ਼ੀਲਤਾ ਹੈ, ਜਿਸ ਦਾ ਆਧਾਰ ਲੋਕਤਾਤਵਿਕ ਗੁਣਾਂ ਦੀਆਂ ਧਾਰਨੀ ਲੋਕਯਾਨਿਕ-ਸੰਚਾਰ ਵਿਧੀਆਂ ਬਣਦੀਆਂ ਹਨ।

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# 'ਪੀੜਾ-ਹਰਨ' ਦਾਤਾ




ਉਨ੍ਹਾਂ ਦੇ ਹੋਰ ਖਜਾਲਾਂ ਵਿਚ ਇਹ ਗਲ ਹੁਣ ਤਕ ਇਨ੍ਹਾਂ ਹਰਫਾਂ ਵਿਚ ਸਾਡੇ ਪਾਸ ਮੌਜੂਦ ਹੈ:- 'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾਪੁਰਸਾਈ' ਬਾਬਰ ਨੂੰ ਸ਼ਰਮ ਆਈ। ਉਨ੍ਹਾਂ ਦਾ ਸਤਿਕਾਰ ਕੀਤੋਸੁ ਤੇ ਆਖਿਓਸੁ ਦੱਸੋ ਹੁਣ ਕੀਹ ਕਰਾਂ, ਤਾਂ ਸਤਿਗੁਰਾਂ ਨੇ ਖਲਕਤ ਲਈ ਅਮਾਨ ਮੰਗੀ ਤੇ ਸਾਰੇ ਕੈਦੀ ਜੋ ਮੁਗ਼ਲ ਸਿਪਾਹੀਆਂ ਬੰਨ੍ਹੇ ਸਨ, ਛੁੜਵਾਏ ਤੇ ਉਨ੍ਹਾਂ ਦੀ ਲੁੱਟ ਮੁੜਵਾ ਦਿਤੀ। **ਪੁ: ਜ: ਸਾਖੀ** ਵਿਚ ਲਿਖਿਆ ਹੈ: 'ਤਾਂ ਗੁਰੂ ਬਾਬੇ ਆਖਿਆ ਅਸਾਡੇ ਕੰਮ ਕਛੁ ਨਾਹੀ, ਪਰ ਜੋ ਬੰਦ ਹੋਈ ਹੈ ਸੈਦਪੁਰ ਕੀ ਸੋ ਛੋਡ ਦੇਹਿ'। ਤਬ ਬਾਬਰ ਪਾਤਸ਼ਾਹ ਹੁਕਮ ਕੀਤਾ 'ਜੋ ਬੰਦ ਹੈ ਸੋ ਛਡ ਦੇਹੁ ਅਤੇ ਵਸਤੁ ਫੇਰ ਦੇਹੁ'। ਤਬ ਸੈਦਪੁਰ ਕੀ ਬੰਦ ਦਰੋ ਬਸਤ ਛੋਡ ਦਿਤੀ।

**ਬੰਗਾਲੀ ਸੰਤ**-ਕਮਲ ਦੀ ਕੁਰਬਾਨੀ ਹਮਦਰਦੀ ਤੇ ਆਤਮ ਸ਼ਕਤੀ ਦਾ ਵਿਕਾਸ ਹੈ। ਸਤਿਗੁਰ ਦਾ ਜੀਵਨ ਹੈ ਕਿ ਜੀਵਨ ਦਾ ਇਕ ਪਾਸੇ ਮੂਲ ਤੇ ਦੂਏ ਪਾਸੇ ਕਮਾਲ ਸਫਲ ਸਫਲਤਾ ਹੈ। ਇਨਸਾਨੀ ਅਗਜਾਨ ਤੇ ਭਰਮ ਨਵਿਰਤੀ ਲਈ ਭੀ ਸਤਿਗੁਰ ਦਾ ਕੋਈ ਪ੍ਰਕਰਣ ਆਪ ਦੇ ਯਾਦ ਹੋਵੇ?

**ਸੰਤ**-ਅਨੇਕਾਂ। ਨਮੂਨੇ ਲਈ ਹਮਜ਼ਾ ਗੌਂਸ ਦਾ ਸੰਖੇਪ ਹਾਲ ਦੱਸਦਾ ਹਾਂ। ਸਿਆਲਕੋਟ ਵਿਚ ਓਸ ਸਮੇਂ ਇਕ ਜ਼ੁਹਦੀ ਫਕੀਰ ਹੋਇਆ ਹੈ ਇਸ ਨਾਮ ਦਾ। ਇਸ ਨੇ ਸ਼ਹਿਰ ਦੇ ਕਿਸੇ ਇਕ ਨਾਲ ਨਰਾਜ਼ਗੀ ਹੋ ਜਾਣ ਤੇ ਆਪਣੇ ਗੁੰਬਜ਼ ਵਾਲੇ ਟਿਕਾਣੇ ਵਿਚ ਬੈਠਕੇ ਚਿਲਾ ਧਾਰਿਆ ਕਿ ਸ਼ਹਿਰ ਗ਼ਰਕ ਕਰਕੇ ਬਾਹਰ ਨਿਕਲਨਾ ਹੈ। ਗੁਰੂ ਜੀ ਸੁਣਕੇ ਸਿਆਲਕੋਟ ਗਏ ਤੇ ਇਸਦਾ ਚਿਲਾ ਤੋੜਿਆ, ਫੇਰ ਵਾਰਤਾਲਾਪ ਹੋਈ। ਆਪ ਨੇ ਉਸਨੂੰ ਦਿਖਾ ਦਿੱਤਾ ਕਿ ਫਕੀਰਾਂ ਦਾ ਕੰਮ ਜਗਤ ਦਾ ਭਲਾ ਕਰਨਾ ਹੈ ਕਿਸੇ ਦਾ ਬੁਰਾ ਮਨ ਵਸਾਉਣਾ ਇਹ ਸਤਿ ਪੁਰਖਾਂ ਦਾ ਕੰਮ ਨਹੀਂ। ਫਿਰ ਕਰੇ ਇਕ ਤੇ ਭਰੇ ਨਗਰੀ, ਇਹ ਨਜਾਜ ਨਹੀਂ, ਇਹ ਅਤਿ ਦਾ ਜ਼ੁਲਮ ਹੈ। ਚਾਹੇ ਰਾਜਾ ਤਲਵਾਰ ਨਾਲ ਕਰ ਲਵੇ, ਚਾਹੇ ਫਕੀਰ ਕਰਾਮਾਤ ਨਾਲ ਕਰ ਲਵੇ, ਇਹ ਅਨਜਾਜ ਹੈ। ਪੀਰ ਨੂੰ ਹੋਸ਼ ਆ ਗਈ ਤੇ ਨਿਰੋਲ ਸਤਿ ਦੇ ਮਾਰਗ ਪੈ ਗਿਆ। ਸਿਫਤ ਸਲਾਹ ਦੇ ਰਸਤੇ ਪੈਕੇ ਸੁਖ ਦੇ ਘਰ ਆ ਗਿਆ। ਇਸਦੇ ਨੈਣ ਖੁੱਲ੍ਹ ਜਾਣ ਨਾਲ ਇਸਦੇ ਮਗਰ ਲਗਣ ਵਾਲਿਆਂ ਸਾਰਿਆਂ ਨੂੰ ਸੁਖ ਹੋ ਗਿਆ, ਓਸ ਸਮੇਂ ਮੁਸਲਮਾਨ ਸ਼ਰਹ ਵਾਲਿਆਂ ਦਾ ਪਠਾਣ ਪਾਤਸ਼ਾਹਾਂ ਦੇ ਹੱਥੀਂ ਧੱਕੇ ਕਰਵਾ ਲੈਣ ਦਾ ਜ਼ੋਰ ਪ੍ਰਬਲ ਸੀ। ਦੂਜੇ ਪਾਸੇ ਪੀਰਾਂ ਫਕੀਰਾਂ ਦਾ ਜ਼ੋਰ ਸੀ, ਹਿੰਦੂਆਂ ਨੂੰ ਕੁਸਕਣਾ ਨਹੀਂ ਸੀ ਮਿਲਦਾ। ਉਨ੍ਹਾਂ ਵਿਚ ਇਨ੍ਹਾਂ ਨਾਲ ਘ੍ਰਿਣਾ ਸੀ, ਇਨ੍ਹਾਂ ਦੇ ਜ਼ੁਲਮਾਂ ਕਰਕੇ। ਜੇ ਕੋਈ ਗਲ ਵਾਲੇ ਕਿ ਵਿਦਜਾ ਵਾਲੇ ਸਨ ਓਹ ਆਪਣੇ ਦੀਨ ਦੇ ਝਗੜਾਲੂ ਪੱਖ ਵਿਚ ਹੀ ਸਨ। ਬਹਸਾਂ ਤੇ ਚਰਚਾ ਹੁੰਦੀਆਂ ਤੇ ਵਿਖਾਂਦ ਵਧਦੇ ਸਨ। ਕਰਨੀ ਵਾਲੇ ਮਹਾਤਮਾ ਦਾ ਕਾਲ ਪੈ ਰਿਹਾ ਸੀ। ਇਸ ਗਲ ਵਿਚ ਪਰਜਾ ਦੁਖੀ ਸੀ। ਗੁਰੂ ਬਾਬੇ ਨੇ ਉਧਰ ਮੁਸਲਮਾਨ ਵਡੇ ਵਡੇ ਪੀਰਾਂ ਫਕੀਰਾਂ ਨਾਲ, ਉਧਰ ਵਡੇ ਵਡੇ ਸ਼ਰਈ ਕਾਜ਼ੀਆਂ ਮੁਲਾਣਿਆਂ ਨਾਲ ਵਿਚਾਰਾਂ ਕੀਤੀਆਂ ਤੇ ਆਪਣੀ ਪ੍ਰਾਗੱਲਭ ਯੁਕਤੀ ਤੇ ਉੱਚ ਹਸਤੀ ਨਾਲ ਉਨ੍ਹਾਂ ਨੂੰ ਆਪਣੇ ਹਠਾਂ, ਹਠ ਧਰਮੀਆਂ ਤੇ ਕਾਣੀ ਵੰਡ ਵਾਲੀਆਂ ਤਅੱਸਬੀ ਕਰਨੀਆਂ ਤੇ ਵੀਚਾਰਾਂ ਤੋਂ ਧੋ ਕੱਢਿਆ।

ਭਾਵ ਇਸ ਵਿਸ਼ਾਲਤਾ ਵਾਲਾ ਹੁੰਦਾ ਕਿ ਇਕ ਦੇ ਸੁਧਰਿਆਂ ਉਸਦੇ ਹਜ਼ਾਰਾਂ ਪੈਰੋਕਾਰ ਸੁਧਰ ਜਾਣਗੇ ਤੇ ਐਉਂ ਸਰਬ ਸਾਧਾਰਣ ਦਾ ਸੁਧਾਰ ਹੋ ਜਾਵੇਗਾ। ਪਰ ਇਹ ਗਲ ਬੀ ਨਹੀਂ ਸੀ ਕਿ ਸਰਬ ਸਾਧਾਰਣ ਨੂੰ ਨਹੀਂ ਸਨ ਸੁਧਾਰਦੇ। ਬੜੇ ਬੜੇ ਮੇਲਿਆਂ ਪਰ ਜਾਣਾ, ਕੌਤਕ ਰਚ ਦੇਣੇ, ਹਜ਼ਾਰਾਂ ਲੋਕ ਕੱਠੇ ਹੋ ਜਾਣੇ, ਫੇਰ ਉਪਦੇਸ਼ ਦੇਣਾ।

ਇਕ ਨਾਨੂੰ ਪੰਡਿਤ ਉਸ ਵੇਲੇ ਚਰਚਾ ਕਰਨ ਆਯਾ, ਉਸਨੂੰ ਬੀ ਰਸਤੇ ਪਾਇਆ। ਮਾਸ ਤੇ ਨਾ ਮਾਸ ਦੀ ਬਹਸ ਨੂੰ ਜੋ ਝਗੜੇ ਵਧਾ ਰਹੀ ਸੀ ਮੇਟਿਆ। ਆਪ ਦਾ ਉਸ ਵੇਲੇ ਦਾ ਉਪਦੇਸ਼ ਸਾਡੇ ਪਾਸ ਆਪ ਦਾ ਆਪਣਾ ਲਿਖਿਆ ਮੌਜੂਦ ਹੈ। ਇਸੀ ਤਰ੍ਹਾਂ ਹਰਦੁਆਰ ਜਾਕੇ ਚੜ੍ਹਦੇ ਸੂਰਜ ਵਲ ਪਿੱਠ ਕਰਕੇ ਪਾਣੀ ਦੇਣ ਲਗ ਗਏ। ਅਨੇਕਾਂ ਲੋਕਾਂ ਦੀ ਭੀੜ ਕੌਤਕ ਦੇਖਣ ਲਈ ਆ ਜੁੜੀ। ਉਸ ਵੇਲੇ ਆਪ ਨੇ ਫੁਰਮਾਯਾ- ਭਾਈ ਮੈਂ ਆਪਣੇ ਪਿੰਡ ਆਪਣੀ ਖੇਤੀ ਨੂੰ ਪਾਣੀ ਦੇ ਰਿਹਾ ਹਾਂ ਜੋ ਪੱਛੋਂ ਨੂੰ ਹੈ। ਲੋਕੀਂ ਕਹਿਣ ਲਗੇ ਇੱਥੋਂ ਪਿੰਡ ਕਿੰਨੀ ਦੂਰ ਹੈ? ਆਪ ਨੇ ਦੱਸਿਆ ਕਈ ਸੌ ਕੋਹ ਹੈ। ਲੋਕੀਂ ਹੱਸ ਪਏ- ਭਲੇ ਲੋਕ! ਇਥੋਂ ਪਾਣੀ ਕਿੰਵ ਪੁੱਜੇਗਾ? ਇਹ ਤਾਂ ਨਦੀ ਵਿਚ ਹੀ ਡਿਗਦਾ ਤੇ ਰੁੜ੍ਹਦਾ ਜਾਂਦਾ ਹੈ? ਫਿਰ ਆਪ ਹੱਸੇ ਤੇ ਬੋਲੇ 'ਹਲਾ, ਤਾਂ ਤੁਹਾਡਾ ਦਿਤਾ ਸੂਰਜ ਨੂੰ, ਜੋ ਕ੍ਰੋੜਾਂ ਕੋਹਾਂ ਤੇ ਹੈ; ਪਿਆ ਪਹੁੰਚਦਾ ਹੈ ਤੇ ਮੇਰਾ ਦੋ ਢਾਈ ਸੌ ਕੋਹ ਤੇ ਨਾ ਪੁੱਜੇਗਾ? ਤਾਂ ਲੋਕਾਂ ਦੇ ਨੈਣ ਖੁਲ੍ਹੇ ਕਿ ਸਾਡੀ ਮੂਰਖਤਾ ਇਕੋ ਕੌਤਕ ਨਾਲ ਕੱਟ ਦਿੱਤੀ ਹੈਨੇ। ਇਸੇ ਤਰ੍ਹਾਂ ਮੱਕੇ ਜਾਕੇ ਕਾਬੇ ਵਲ ਪੈਰ ਕਰ ਸੁੱਤੇ ਤਾਂ ਕਿਸੇ ਨੇ ਗੁੱਸੇ ਨਾਲ ਮਨ੍ਹੇ ਕੀਤਾ ਕਿ ਖੁਦਾ ਦੇ ਘਰ ਵਲ ਪੈਰ ਨਾ ਕਰ, ਫੁਰਮਾਉਣ ਲਗੇ, ਕਰ ਦੇਹ ਮੇਰੇ ਪੈਰ ਉਧਰ, ਜਿਧਰ ਖੁਦਾ ਕਿ ਖੁਦਾ ਦਾ ਘਰ ਨਹੀਂ ਹੈ। ਉਸਨੇ ਇਹੋਂ ਕੁਛ ਕੀਤਾ ਤਾਂ ਉਸਨੂੰ ਪੈਰਾਂ ਦੇ ਮਗਰ ਮਗਰ ਕਾਅਬਾ ਫਿਰਦਾ ਦਿੱਸੇ ਤਾਂ ਉਸਨੂੰ ਹੋਸ਼ ਆ ਗਈ ਕਿ ਖੁਦਾ ਤੇ ਖੁਦਾ ਦਾ ਘਰ ਤਾਂ ਸਰਬਵਜਾਪੀ ਹੈ। ਇਹ ਪੀਰ ਫਕੀਰ ਕੋਈ ਵਲੀ ਹੈ ਜੋ ਇੱਕ ਫਿਕਰਾ ਕਹਿ ਛੋੜ ਕੱਟ ਦੇਂਦਾ ਹੈ, ਮੈਂ ਸਰਬ ਵਜਾਪੀ, ਲਾ ਮਕਾਂ ਤੇ ਹਰ ਮਕਾਂ ਦੇ ਮਕੀਂ ਨੂੰ ਇਕ ਦੇਸ਼ੀ ਕਿਉਂ ਜਾਤਾ। ਇਹ ਗਲ ਧੁੰਮ ਗਈ, ਫੇਰ ਬੜੇ ਬੜੇ ਪੀਰ ਆ ਕੱਠੇ ਹੋਏ ਤੇ ਗੁਰੂ ਜੀ ਨੇ ਸਤਿ ਉਪਦੇਸ਼ ਦਿੱਤਾ। ਇਸ ਤਰ੍ਹਾਂ ਗਯਾ, ਕਾਸ਼ੀ, ਬਗ਼ਦਾਦ ਅਨੇਕਾਂ ਥਾਂਈਂ ਆਪ ਨੇ ਕੀਤਾ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

---

ਮਾਸੁ ਮਾਸੁ ਕਰਿ ਮੂਰਖਿ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥

# The Holy City of Tarn Taran

❖ **S. Harbir Singh Bhanwar**

The holy city of Tarn Taran, which was founded by Guru Arjan Dev, the fifth Guru, in 1596, has attained significant place in the history of Punjab. The town has witnessed many ups and downs during the past 410 years.

According to Bhai Kahan Singh Nabha, an eminent Sikh scholar and author of *Mahan Kosh* (Encyclopedia of Sikhism), Guru Arjan Dev purchased land from residents of Khara and Plasur villages by paying Rs. 1.5 lakh. At first, the sacred tank was excavated on Baisakh 17, 1647 BK (1590 AD) (the length of the tank is 999 feet, while the breadth is 990 feet). The town was founded in 1653 BK (1596 AD), it took five years for the establishment of the town.

Principal Satbir Singh, a noted historian says, "Guru Arjan Dev Ji reached village Khara from village Khanpur. He was so happy to see a pond and cluster of trees, sprawling land, and cool breeze, that he decided to establish "sarovar", dharamshala and a town. After purchasing the required land he himself laid the foundation of Tarn Taran "sarovar" on 17 Baisakh 1647 BK. (April 15,1990). Baba Budha Ji performed the "ardas" (prayer).

According to Mr. Shamsher Singh Ashok, another Sikh scholar, "when developmental work was in progress in Guru Ka Chak (Amritsar) and its population was thin, Guru Arjan Dev Ji decided to establish a new centre near Amritsar on Delhi-Lahore Jarnaili Sarak (G.T. Road) via Goindwal so that the employees of the state and other people interested in Sikhism, could join the congregation. It was prevalent practice, "any person could occupy a required piece of land for his residential purpose anywhere in the town by offering Rs 1.25 or Rs. one with "gur di bheli" (piece of lumped brown sugar). Even then, the population of that town remained very thin during the years after its founding".

In later days too, then town did not flourish rapidly and the population by and large remained stagnant. For instance, according to the census of 1901, the population of the town was 4,428 and thereafter 5,260 and 5,988 during the censuses of



**Gurdwara Sri Darbar Sahib, Tarn Taran**

1911 and 1921, respectively. As per the census of 1961, the town was inhabited by 20,924, 24,128 in 1971 and 47,749 in 1991. As per the latest census of 2001, the population of town was 55,787. Presently, about 60-65 thousand people reside in this city.

Tarn Taran, "the raft over the world ocean," as it is known, has a leprosarium, the first in this region, built the instance of Guru Arjan Dev. A big dharamshala was also built by the Guru. An Old Aged Home (Birdh Ghar) was established in 1959 by the Chief Khalsa Diwan.

It is said that kilns were established soon after founding the town for producing "pucca" baked bricks for the brick-laning of four sides of the sacred "Sarovar". Amir-u-Din, a son of Noor-Din, who founded the nearby village of Noordi, forcibly took away all bricks from these brick-kilns for the construction of his own house and a "serai". The Guru remarked that the bricks would be used for the purpose for which these had been produced. According to Principal Satbir Singh, a Sikh historian, Sardar Budh Singh Faizalpuria and Sardar Jassa Singh Ramgarhia captured Noordi village,



**Guru Arjan Dev serving the lepers at Tarn Taran**

dismantled the "serai" and took away all bricks for the bricklining of two sides of the sacred "sarovar" in 1778.

The two other sides of the tank were got brick-lined by Maharaja Ranjit Singh through Moti Ram a senior functionary in his court. The pavement of the "parkarma" was got done by Kanwer Naunihal Singh.

There was a plan to construct minarets in all four corners of the "sarovar" by Kanwer Naunihal Singh. Only one 112-foot-high minaret was completed. Then the "Sikh Raj" started crumbling and subsequently collapsed after the death of Maharaja Ranjit Singh.

During the Gurdwara Sudhar Movement, Darbar Sahib, Tarn Taran came under the control of the SGPC.

Tarn Taran was upgraded as a tehsil of Amritsar district in 1846. The first police station was established in 1865 while the Civil Hospital was established in 1878 and the Municipal Committee in 1886. Bhai Mohan Singh Vaid had the distinction of being its first city father. It was upgraded as District in June 16, 2006 by the Punjab government to mark the 400th year of martyrdom of Guru Arjan Dev Ji.

With the construction of the Amritsar-Khemkaran-Kasur railway line Tarn Taran appeared on the map of the Indian Railways in 1906. The same year, the grain market was set up in the town.

Tarn Taran, the heart of the Majha region, played a significant role in the freedom struggle. Baba Gurdit Singh Kama Gata Maru, Mohan Singh Nagoke, Udham Singh Nagoke, Baba Sohan Singh Bhakna, Partap Singh Kairon. Dr. Gurdial Singh Dhillon and Mohan Singh Tur, Prem Singh Lalpura, Major Singh Uboke and Dr. Manohar Singh Gill are a few names, who dominated the centre stage of the Punjab scene of their respective times.

To town has been lagging behind in the spheres of education and industry till the partition of the country.

Still attaining the rural character, the town is surrounded by hundreds of villages. It remained the breeding ground and hotbed of militancy, as almost every village of this area had been dominated by the militants during the decade of 1980. With the attaining status of district, the town and surrounding areas, are likely to be developed rapidly and beautified in the coming years.

Courtesy : *Guru Arjan Dev: Life, Martyrdom and Legacy*

# ਰੁਖਾਂ ਦੀ ਜੀਰਾਂਦਿ

❖ ਵਰਿੰਦਰ ਵਾਲੀਆ

ਰੁੱਖ ਤੇ ਮਨੁੱਖ ਦਾ ਜਨਮ-ਜਨਮਾਂਤਰ ਦਾ ਰਿਸ਼ਤਾ ਹੈ। ਰੁੱਖ ਨਾ ਦਿਸਣ ਤਾਂ ਅੱਖਾਂ ਵਿੱਚ ਰੇਗਿਸਤਾਨ ਦੇ ਫੈਲੇ ਹੋਣ ਦਾ ਅਹਿਸਾਸ ਹੁੰਦਾ ਹੈ। ਰੁੱਖ ਤਾਂ ਕੱਟੇ ਜਾਣ ਤੋਂ ਬਾਅਦ ਵੀ ਦਰਵਾਜ਼ੇ, ਖਿੜਕੀਆਂ ਤੇ 'ਚਰਖਾ ਚੰਨਣ ਦਾ' ਵਾਲੀ ਜੂਨੇ ਪੈ ਕੇ ਸਾਡੇ ਸੱਭਿਆਚਾਰ ਦੇ ਰੰਗ 'ਚ ਅਛੋਪਲੇ ਹੀ ਘੁਲ-ਮਿਲ ਜਾਂਦੇ ਹਨ।

ਸਾਵਨ ਦੇ ਮਹੀਨੇ ਕਿਸੇ ਹਰੀ-ਕਚੂਰ ਵਾਦੀ ਵਿੱਚ ਜਦੋਂ ਘਨਘੋਰ ਘਟਾਵਾਂ ਚੜ੍ਹਦੀਆਂ ਹਨ ਤਾਂ ਬਾਬੇ ਨਾਨਕ ਵਰਗਿਆਂ ਦੀ ਕਲਮ ਵੀ ਬਾਣੀ ਰਚਣ ਲਈ ਉਤਾਵਲੀ ਹੋ ਜਾਂਦੀ ਹੈ:

**ਮੋਰੀ ਰੁਣ ਝੁਣ ਲਾਇਆ**
**ਭੈਣੇ ਸਾਵਣੁ ਆਇਆ॥** (ਅੰਗ ੫੫੭)

ਕੁਦਰਤ ਨੇ ਮਨੁੱਖ ਨੂੰ ਵਣਖੰਡ ਦੀ ਅਦੁੱਤੀ ਦਾਤ ਬਖ਼ਸ਼ੀ ਪਰ ਉਸ (ਮਨੁੱਖ) ਨੇ ਨਾਲ ਦੀ ਨਾਲ ਕੁਹਾੜਾ ਬਣਾ ਲਿਆ। ਇਹ ਵੀ ਇੱਕ ਵਿਡੰਬਨਾ ਹੈ ਕਿ ਕੁਹਾੜੇ ਨੂੰ ਤੇਜ਼-ਤਰਾਰ ਬਣਾਉਣ ਲਈ ਉਸ ਨੇ ਦਸਤਾ ਵੀ ਰੁੱਖ ਦਾ ਟਾਹਣ ਵੱਢ ਕੇ ਬਣਾਇਆ। ਰੁੱਖਾਂ ਨੂੰ ਕੱਟਣ ਦਾ ਕੰਮ ਭਾਵੇਂ ਆਦਿ ਕਾਲ ਤੋਂ ਸ਼ੁਰੂ ਹੋ ਗਿਆ ਸੀ ਪਰ ਅਜੋਕੇ ਮਸ਼ੀਨੀ ਯੁੱਗ ਵਿੱਚ ਇਨ੍ਹਾਂ ਦੀ ਬੇਤਹਾਸ਼ਾ ਕਟਾਈ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਆਦਮੀ ਦੇ ਸਭ ਤੋਂ ਪਾਕਿ-ਪਵਿੱਤਰ ਮਾਂ ਦੇ ਰਿਸ਼ਤੇ ਤੋਂ ਵੀ ਉੱਤਮ ਮੰਨੇ ਜਾਂਦੇ ਹਨ ਰੁੱਖ। ਇਸੇ ਲਈ ਤਾਂ ਮਾਂ ਨੂੰ 'ਠੰਢੀ ਛਾਂ' ਨਾਲ ਤੁਲਨਾ ਦਿੱਤੀ ਜਾਂਦੀ ਹੈ। ਮਹਿਬੂਬ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਰੁੱਖਾਂ ਦਾ ਜਿੰਨਾ ਖ਼ੂਬਸੂਰਤ ਮਾਨਵੀਕਰਨ ਕੀਤਾ ਹੈ, ਉਹ ਪੰਜਾਬੀ ਸਾਹਿਤ ਦੇ ਸ਼ਿਲਾਲੇਖ 'ਤੇ ਸਦਾ ਉੱਕਰਿਆ ਰਹੇਗਾ। ਸ਼ਿਵ ਨੂੰ ਕੁਝ ਰੁੱਖ ਪੁੱਤਾਂ, ਨੂੰਹਾਂ, ਧੀਆਂ, ਭਰਾਵਾਂ ਤੇ ਮਾਵਾਂ ਵਰਗੇ ਲੱਗਦੇ ਹਨ। ਟਾਂਵੇਂ-ਟਾਂਵੇਂ ਪੱਤਰਾਂ ਵਾਲੇ ਰੁੱਖ ਉਸ ਨੂੰ ਆਪਣੇ ਬਾਬੇ ਵਰਗੇ ਲੱਗਦੇ। ਰੁੱਖਾਂ ਨੂੰ ਹਸਰਤ ਭਰੀਆਂ ਨਿਗਾਹਾਂ ਨਾਲ ਦੇਖਦਿਆਂ ਉਹ 'ਸਾਵੀਂ ਬੋਲੀ' ਲਿਖਦਾ-ਲਿਖਦਾ ਖ਼ੁਦ 'ਰੁੱਖ ਦੀ ਜੂਨ' ਪੈਣ ਲਈ ਉਤਾਵਲਾ ਹੋ ਜਾਂਦੈ। ਰੁੱਖਾਂ ਨੂੰ ਲੰਮੀ ਉਮਰ ਦੀਆਂ ਦੁਆਵਾਂ ਦਿੰਦਾ, ਸ਼ਿਵ ਆਪਣੇ ਪ੍ਰਸ਼ੰਸਕਾਂ ਨੂੰ ਕਹਿੰਦਾ, "ਜੇ ਤੁਸਾਂ ਮੇਰਾ ਗੀਤ ਹੈ ਸੁਣਨਾ, ਮੈਂ ਰੁੱਖਾਂ ਵਿੱਚ ਗਾਵਾਂ।"

ਜ਼ਰਾ ਸੋਚੋ! ਜੇ ਰੁੱਖ ਹੀ ਨਾ ਰਹੇ ਤਾਂ ਸਾਹਿਰ ਲੁਧਿਆਣਵੀ ਦੇ ਕਲਾਮ, "ਪਰਬਤੋਂ ਕੇ ਪੇੜੋਂ ਪਰ ਸ਼ਾਮ ਕਾ ਬਸੇਰਾ ਹੈ। ਸੁਰਮਈ ਉਜਾਲਾ ਹੈ ਚੌਪਈ ਅੰਧੇਰਾ ਹੈ" ਦਾ ਲੁਤਫ਼ ਆਵੇਗਾ? ਸਾਹਿਰ ਵਰਗੇ ਸ਼ਾਇਰਾਂ ਲਈ ਰੁੱਖਾਂ ਦੀਆਂ ਝਿੜੀਆਂ ਤੇਜ਼ ਖ਼ੁਸ਼ਬੂ ਬਿਖੇਰਦੇ ਫੁੱਲ ਤੇ ਕਲ਼ਕਲ਼ ਕਰਦੇ ਚੋਅ ਪ੍ਰੇਰਨਾ ਸਰੋਤ ਬਣਦੇ ਹਨ :

ਠਹਰੇ ਠਹਰੇ ਪਾਨੀ ਮੇਂ, ਗੀਤ ਸਰਸਰਾਤੇ ਹੈਂ
ਭੀਗੇ ਭੀਗੇ ਝੋਂਕੋ ਮੇਂ ਖ਼ੁਸ਼ਬੂ ਕਾ ਡੇਰਾ ਹੈ।

ਪੰਜਾਬ ਦੇ ਪੁਨਰਗਠਨ ਤੋਂ ਬਾਅਦ ਜੰਗਲਾਤ ਹੇਠ ਰਕਬਾ ਪਹਿਲਾਂ ਹੀ ਨਿਗੂਣਾ ਰਹਿ ਗਿਆ ਹੈ। ਅੰਬਰ ਨੂੰ ਛੂੰਹਦੇ ਮਨਮੋਹਕ ਪਹਾੜ ਹਿਮਾਚਲ ਪ੍ਰਦੇਸ਼ ਵਿੱਚ ਰਹਿ ਗਏ ਹਨ। ਸਾਡੇ ਕੋਲ ਜਿੰਨੀ ਕੁ ਜੰਗਲਾਤ ਦੀ ਪੂੰਜੀ ਬਚੀ ਹੈ, ਅਸੀਂ ਮੋਢਿਆਂ 'ਤੇ ਕੁਹਾੜਾ ਚੁੱਕ ਕੇ ਉਸ ਦੇ ਵੀ ਪਿੱਛੇ ਹੋ ਤੁਰੇ ਹਾਂ। ਪੰਜਾਬ ਦੀ ਜਰਖ਼ੇਜ਼ ਧਰਤੀ ਦੀਆਂ ਨਿੱਕੀਆਂ-ਨਿੱਕੀਆਂ ਪਹਾੜੀਆਂ ਨੂੰ ਪੱਧਰਾ ਕਰਕੇ ਅਸੀਂ 'ਕੰਕਰੀਟ' ਦਾ ਜਾਲ ਵਿਛਾ ਦਿੱਤਾ ਹੈ। ਜੇ ਕੋਤਵਾਲ ਖ਼ੁਦ ਹੀ ਚੋਰ ਹੋਵੇ ਤਾਂ ਫਿਰ ਕਿਸੇ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ। ਅਫ਼ਸੋਸ ਇਸ ਗੱਲ ਦਾ ਹੈ ਕਿ ਕੰਢੀ ਦੇ ਇਲਾਕਿਆਂ ਵਿੱਚ ਸਾਡੇ ਸਿਆਸਤਦਾਨ ਤੇ ਅਫ਼ਸਰਸ਼ਾਹੀ ਵੀ ਨੰਨ੍ਹੇ ਜਿਹੇ ਜੰਗਲ ਦਾ ਮਲੀਆਮੇਟ ਕਰਨ ਲਈ ਤੁਲੇ ਹੋਏ ਹਨ। ਇੱਥੋਂ ਤੱਕ ਕਿ ਆਨੰਦਪੁਰ ਸਾਹਿਬ ਦੀਆਂ ਪਹਾੜੀਆਂ, ਜਿਨ੍ਹਾਂ ਨੂੰ ਅਮੁੱਲੀ ਵਿਰਾਸਤ ਦੇ ਤੌਰ 'ਤੇ ਸਾਂਭਿਆ ਜਾਣਾ ਚਾਹੀਦਾ ਸੀ, ਨੂੰ ਵੀ ਵੱਡੇ ਪੱਧਰ 'ਤੇ ਪੱਧਰਾ ਕਰ ਦਿੱਤਾ ਗਿਆ ਹੈ। ਜੇ ਆਨੰਦਪੁਰ ਸਾਹਿਬ ਦੀਆਂ ਪਹਾੜੀਆਂ ਨੂੰ ਜਿਉਂ ਦਾ ਤਿਉਂ ਸੁਰੱਖਿਅਤ ਰੱਖਿਆ ਜਾਂਦਾ ਤਾਂ ਇਹ ਵਿਰਾਸਤ ਦਾ ਅਮੁੱਲਾ ਖ਼ਜ਼ਾਨਾ ਹੁੰਦੀਆਂ ਪਰ ਸਬੰਧਤ ਖ਼ੁਦਗਰਜ਼ ਧਿਰਾਂ ਨੇ ਇਨ੍ਹਾਂ ਪਹਾੜੀਆਂ ਨੂੰ ਪੱਧਰਾ ਕਰਕੇ ਕਲੋਨੀਆਂ ਬਣਾ ਲਈਆਂ। ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧਨੀਤੀ ਦਾ ਆਨੰਦਪੁਰ ਸਾਹਿਬ ਦੀਆਂ ਪਹਾੜੀਆਂ 'ਤੇ ਕਿਲ੍ਹਾਬੰਦੀ ਦੀ ਜੁਗਤ ਨਾਲ ਗਹਿਰਾ ਸਬੰਧ ਹੈ। ਜੇ ਅੱਜ ਕੋਈ ਇਤਿਹਾਸ ਦਾ ਖੋਜੀ ਇਸ ਸ਼ਹਿਰ ਵਿੱਚ ਜਾਵੇ ਤਾਂ ਉਸ ਦੇ ਪੱਲੇ ਨਿਰਾਸ਼ਾ ਹੀ ਪਵੇਗੀ ਕਿਉਂਕਿ ਵਿਰਾਸਤ ਨਾਲ ਵੱਡੀ ਪੱਧਰ 'ਤੇ ਖਿਲਵਾੜ ਹੋ ਚੁੱਕਿਆ ਹੈ।

ਪਿੱਛੇ ਜਿਹੇ 'ਨੰਨ੍ਹੀ ਛਾਂ' ਦੇ ਪ੍ਰਾਜੈਕਟ ਨੇ ਸਭ ਦਾ ਧਿਆਨ ਖਿੱਚਿਆ ਹੈ ਪਰ ਇਸ ਦੇ ਨਾਲ-ਨਾਲ 'ਬੁੱਢੜੀ ਛਾਂ' ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ, ਜਿਸ ਨੂੰ ਜੰਗੀ ਪੱਧਰ 'ਤੇ ਜੜ੍ਹਾਂ ਤੋਂ ਉਖਾੜਿਆ ਜਾ ਰਿਹਾ ਹੈ।

ਪੰਜਾਬ ਦੀ ਧਰਤੀ ਤਾਂ ਹੀ ਸੁਰਾਂਗਲੀ ਰਹਿ ਸਕੇਗੀ, ਜੇ ਅਸੀਂ ਰੁੱਖਾਂ ਨੂੰ ਵੱਢ ਕੇ ਕੁਹਾੜੇ ਦੇ ਦਸਤੇ ਬਣਾਉਣ ਦੀ ਬਜਾਏ ਉਨ੍ਹਾਂ 'ਚੋਂ ਨਿੱਕੀਆਂ-ਨਿੱਕੀਆਂ ਬੰਸਰੀਆਂ ਲੱਭੀਏ ਤਾਂ ਜੋ ਫਿਰ ਗੋਕਲ ਦੀਆਂ ਜੂਹਾਂ ਵਿੱਚ ਕਿਸੇ ਦੇਵਕੀ ਦਾ ਲਾਲ ਆਪਣੇ ਹੋਂਠ ਛੁਆ ਕੇ ਕੋਈ ਇਲਾਹੀ ਗੀਤ ਛੇੜ ਸਕੇ। ਜੇ ਕਿਸੇ ਰੁੱਖ ਨੂੰ ਛੇੜਨਾ ਹੀ ਹੈ ਤਾਂ ਇਸ ਤਰ੍ਹਾਂ ਛਾਂਗੀਏ ਜਿਸ ਨਾਲ ਸਰਵਣ ਪੁੱਤਰ ਦੀ ਵਹਿੰਗੀ ਜਾਂ ਕਿਸੇ ਬਜ਼ੁਰਗ ਦੀ ਡੰਗੋਰੀ ਬਣ ਸਕੇ।

ਸਾਨੂੰ ਪੱਥਰਾਂ ਦੀਆਂ ਟੀਸੀਆਂ ਜਾਂ ਸੋਨ-ਅਟਾਰੀਆਂ ਨਹੀਂ ਚਾਹੀਦੀਆਂ, ਜਿਹੜੀਆਂ ਲਹਿਲਹਾਉਂਦੇ ਖੇਤਾਂ ਤੇ ਰੁੱਖਾਂ ਤੋਂ ਸੱਖਣੀਆਂ ਹੋਣ। ਮੌਸਮ ਦੇ ਮਿਜ਼ਾਜ ਨੂੰ ਸਮਝਣਾ ਚਾਹੀਦਾ ਹੈ। ਜੇ ਅਸੀਂ ਅਜੇ ਵੀ ਨਾ ਸੰਭਲੇ ਤਾਂ ਸਮਾਂ ਅਛੋਪਲੇ ਜਿਹੇ ਮੱਛੀ ਦੇ ਪੂੰਗ ਵਾਂਗ ਹੱਥੋਂ ਤਿਲਕ ਜਾਵੇਗਾ।

ਆਓ ਆਪਣੇ ਆਦਿ-ਕਵੀ ਬਾਬਾ ਫ਼ਰੀਦ ਦੀ ਬਾਣੀ ਦਾ ਉਚਾਰਨ ਕਰੀਏ ਜਿਸ ਵਿੱਚ ਉਨ੍ਹਾਂ ਨੇ ਮਨੁੱਖ ਨੂੰ ਰੁੱਖਾਂ ਵਰਗਾ ਜਿਗਰਾ ਰੱਖਣ ਦਾ ਮਸ਼ਵਰਾ ਦਿੰਦਿਆਂ ਕਿਹਾ ਹੈ :

**ਦਰਵੇਸਾਂ ਨੋ ਲੋੜੀਐ**
**ਰੁਖਾਂ ਦੀ ਜੀਰਾਂਦਿ॥** (ਅੰਗ ੧੩੮੧)

**- ਹਰਫ਼ਾਂ ਦੇ ਆਰ-ਪਾਰ** 'ਚੋਂ

# ਮੇਰੀ ਖਿੜੀ ਰਹੇ ਗੁਲਜ਼ਾਰ

## ਗ਼ਜ਼ਲ

ਚੜ੍ਹੀ ਕੋਰੋਨਾ ਦੀ ਇਹ ਲਾਲ ਹਨੇਰੀ ਏ।
ਸਾਰੀ ਆਦਮ ਜਾਤੀ ਇਸ ਨੇ ਘੇਰੀ ਏ।
ਬੰਦਾ ਕਰਦਾ ਰਹਿ ਗਿਆ ਖੋਜ ਪੁਲਾੜਾਂ ਦੀ,
ਧਰਤੀ ਉਤੇ ਹੋ ਗਈ ਹੇਰਾ-ਫੇਰੀ ਏ।
ਮੈਂ ਕੁਝ ਵੀ ਕਰ ਸਕਦਾਂ, ਮਾਣ ਸੀ ਬੰਦੇ ਨੂੰ,
ਬੁਰਜ ਮੁਨਾਰਾ ਅਕਲਾਂ ਦਾ ਹੁਣ ਢੇਰੀ ਏ।
ਬਹੁਤੇ ਸੁੱਖ, ਸਹੂਲਤਾਂ ਸਾਨੂੰ ਪਚੀਆਂ ਨਹੀਂ,
ਮੱਛਰ ਗਏ, ਸਿਰ ਪਾ ਲਈ ਖੇਹ ਬਥੇਰੀ ਏ।
ਅੰਨ੍ਹੀ ਦੌੜ ਹੈ ਐਟਮ ਬੰਬ, ਮਿਜ਼ਾਈਲਾਂ ਦੀ,
ਬੰਦਾ ਸੋਚੇ ਏਹੀ ਕਾਢ ਘਨੇਰੀ ਏ।
ਖੋਜ ਹੋਏ ਜੇ ਮਾਨਵਤਾ ਦੇ ਭਲੇ ਲਈ,
ਕੁਦਰਤ ਵੀ ਫਿਰ ਦਿੰਦੀ ਹੱਲਾਸ਼ੇਰੀ ਏ।
ਕੀਤੀ ਸਾਂਭ ਸੰਭਾਲ ਨਹੀਂ ਪ੍ਰਕਿਰਤੀ ਦੀ,
ਕਦਮ ਕਦਮ 'ਤੇ ਜ਼ਹਿਰ ਅਸਾਂ ਨੇ ਕੇਰੀ ਏ।
ਅੰਦਰ ਲੁਕਣਾ ਵੈਸੇ ਕੰਮ ਡਰਪੋਕਾਂ ਦਾ,
ਪਰ ਹੁਣ ਕਹਿੰਦੇ ਏਸੇ ਵਿਚ ਦਲੇਰੀ ਏ।
ਬਾਹਰ ਨਿਕਲਣਾ ਹੁਣ ਖ਼ਤਰੇ ਤੋਂ ਖ਼ਾਲੀ ਨਹੀਂ,
ਪੁੱਛ ਜਿਨ੍ਹਾਂ ਨੂੰ ਡਾਂਗ ਪੁਲਿਸ ਨੇ ਫੇਰੀ ਏ।
ਲਾਕਡਾਊਨ ਦੀ ਮਾਲਾ ਫੇਰੀਏ ਘਰ ਵਿਚ ਹੀ,
ਏਸੇ ਵਿਚ ਭਲਾਈ ਤੇਰੀ, ਮੇਰੀ ਏ।
ਉਪਜ ਕੋਰੋਨਾ, ਬੰਦੇ ਦੀ ਪ੍ਰਵਿਰਤੀ ਦੀ,
ਮਰਨ 'ਚ ਇਸਦੇ ਲਗਦੈ ਹਾਲੇ ਦੇਰੀ ਏ।
ਵੇਖ ਨਿਪੱਤਰੇ ਰੁੱਖ ਸੇਖਵਾਂ ਡੋਲੇ ਨਾ,
ਰੁੱਤ ਬਹਾਰਾਂ ਦੀ ਨੇ ਪਾਉਣੀ ਫੇਰੀ ਏ।

❖ **ਜਸਵੰਤ ਸਿੰਘ ਸੇਖਵਾਂ**

## ਗ਼ਜ਼ਲ

ਲਾਕਡਾਊਨ ਹੋਇਆ ਜੱਗ ਅੰਦਰ ਵਾਇਰਸ ਕੀ ਖੇਡ ਰਚਾਇਆ ਏ
ਨਰ-ਨਾਰੀ ਭਜ ਵੜੇ ਘਰਾਂ ਅੰਦਰ ਵਾਇਰਸ ਨੇ ਡੇਰਾ ਜਮਾਇਆ ਏ।

ਇਹ ਵਾਇਰਸ ਨਹੀਂ ਸੁਨੇਹਾ ਕੁਦਰਤ ਦਾ ਦੂਜੇ ਦੇਸ਼ ਤੋਂ ਆਇਆ ਏ
ਡਰ ਰੱਖ ਰੱਬ ਤੇ ਕੁਦਰਤ ਦਾ ਨਹੀਂ ਤਾਂ ਮਲਿਆਮੇਟ ਸਰਮਾਇਆ ਏ।

ਕਿੱਥੇ ਭੱਜਾ ਫਿਰਦੈਂ ਦਮੜਿਆਂ ਪਿੱਛੇ ਵਿਗਿਆਨ ਤੈਨੂੰ ਭਰਮਾਇਆ ਏ
ਕੁਝ ਸੁਰਤ ਆਪੇ ਦੀ ਕਰ ਲੈ, ਵਾਇਰਸ ਸੰਦੇਸ਼ ਸੁਣਾਇਆ ਏ।

ਇਹਨੇ ਰਹਿਣਾ ਨਹੀਂ ਚਲੇ ਜਾਣਾ ਕੁਝ ਸਮੇਂ ਨੂੰ ਗੇੜ ਦੁਆਇਆ ਏ
ਕੁਝ ਸਮਝ ਪੜ੍ਹ ਬੁਝ ਲੈ ਬੰਦਿਆ ਨਹੀਂ ਤਾਂ ਲੋਕਾਈ ਦਾ ਸਫ਼ਾਇਆ ਏ।

❖ **ਮਨਿੰਦਰ ਸਿੰਘ ਸੋਨੀ**

## ਸੁਨੇਹਾ

ਵਿਸ਼ਵ ਸਾਰਾ ਹੋਇਆ ਭੈਭੀਤ ਮਿਲਣਾ ਹੋਇਆ ਮੁਹਾਲ
ਤਾਲਾਬੰਦੀ ਤੇ ਕਰਫ਼ਿਊ, ਕਿਹੜੇ ਦੇਸ਼ ਦਾ ਨਾਅਰਾ ਨਹੀਂ?
ਛੱਜ ਵਿੱਚ ਪਾ ਖ਼ੂਬ ਛੱਣਿਐ, ਮੇਲ-ਜੋਲ ਨੂੰ ਵਾਇਰਸ ਨੇ
ਰੋਗ-ਰਹਿਤ ਹੋਣ ਦੀ ਖਾਤਰ ਹੋਰ ਕੋਈ ਵੀ ਚਾਰਾ ਨਹੀਂ।
ਮੇਰੀ ਸਿਹਤ ਤੇਰੀ ਸਿਹਤ ਸਭ ਦੀ ਸਿਹਤ ਦੇ ਹੈ ਮੁਥਾਜ
ਇਕ-ਦੂਜੇ ਲਈ ਜੀਵਣਾ, ਕਾਫ਼ੀ ਇਹ ਇਸ਼ਾਰਾ ਨਹੀਂ?
ਦਹਿਲੀਜ਼ ਤੇ ਮਾਰੀ ਲੀਕ, ਭਲੇ ਖ਼ਾਤਰ ਨਹੀਂ ਟੱਪਣੀ
ਕਿਹੜਾ ਹੈ ਹੁਣ ਛੁੱਟ ਡਿਊਟੀ, ਆਖੇ ਘਰ ਪਿਆਰਾ ਨਹੀਂ।
ਛਿੱਕਾਂ ਛਿੱਕੇ ਟੰਗਿਆ ਸੱਜਣਾ, ਯਾਦ ਸਤਾਵੇ ਮਿੱਤਰਾਂ ਦੀ
ਛੁੱਟੀਆਂ ਇਹ ਕੇਹੀਆਂ, ਛੁੱਟੀ ਹੈ ਪਰ ਛੁਟਕਾਰਾ ਨਹੀਂ।
ਨਾਕੇ ਲੱਗ ਗਏ ਹਰ ਗਲੀ, ਹੁਣ ਹੈ ਨਹੀਂਓ ਮੇਰੇ ਵੱਸ
ਨਾ ਆਵੀਂ ਨਾ ਮੈਂ ਆਉਣਾ, ਮੰਨੀਂ, ਇਹ ਕੋਈ ਲਾਰਾ ਨਹੀਂ।
ਮੈਂ ਨਹੀਂ ਪੁੱਜਣਾ, ਪਰ ਕਵਿਤਾ ਪੁੱਜੂ, ਵੇਖ ਲਵੀਂ ਸੁਨੇਹੇ ਮੇਰੇ,
ਜਲਦ ਮਿਲੀਏ ਦੁਆ ਇਹੋ, ਦਿਲੋਂ ਭੁਲਾਵੇਂ ਗਵਾਰਾ ਨਹੀਂ।

## ਨਸੀਹਤ

ਕਰੋਨਿਆ ਜੇ ਤੇਰੇ ਹਨ ਕੰਨ ਤਾਂ ਸੁਣ ਤੇ ਮੇਰੀ ਇਕ ਮੰਨ।
ਬਸ ਕਰ ਹੁਣ ਬਸ ਕਰ ਦੇ ਨੀਰਸ ਜੀਵਨ 'ਚ ਰਸ ਭਰ ਦੇ।
ਕੁਦਰਤ ਸੰਗ ਕੀਤੇ ਖਿਲਵਾੜ ਤਾਂਹੀਓਂ ਤਾਂ ਪਈ ਐਸੀ ਮਾਰ।
ਸਵਾਦਾਂ ਨੇ ਪ੍ਰਕਿਰਤੀ ਘੁਮਾਈ ਵਿਕਾਰਾਂ ਨੇ ਸੀ ਬੁੱਧੀ ਮਲਨਾਈ।
ਜਦ ਦਇਆ ਧੌਲ ਵਿਸਰ ਜਾਵੇ ਧਰਤ ਡੋਲੇ ਤੇ ਯਾਦ ਕਰਾਵੇ।
ਜੀਵਨ-ਜਾਚ ਕਿਉਂ ਗਏ ਭੁੱਲ ਦੁੱਖਾਂ ਸੰਤਾਪਾਂ 'ਚ ਜਾਓਗੇ ਰੁੱਲ।
ਜਾਨ ਹੈ ਤਾਂ ਜਹਾਨ ਦੀ ਗੱਲ ਸਿਖਾਵੇ ਕਰੋਨਾ ਜੀਊਣ ਦਾ ਵੱਲ।
ਘਰ-ਪਰਿਵਾਰਾਂ ਦੀ ਆਈ ਸੁੱਧ ਬਲਿਹਾਰੇ ਕੁਦਰਤ ਹਾਰੀ ਬੁੱਧ।
ਸਭਨਾਂ ਦੇਸ਼ਾਂ ਦੀ ਮੰਗੀਏ ਸੁੱਖ ਰੱਬ ਹੀ ਰਾਖਾ, ਹਰ ਇੱਕ ਮੁੱਖ।

**-ਡਾ. ਭੁਪਿੰਦਰ ਕੌਰ 'ਕਵਿਤਾ'**

## ਵਾਇਰਸ ਦੀ ਹੀਰ

ਰਾਂਝਾ ਆਖਦਾ ਸਮੇਂ ਹੁਣ ਬਦਲ ਗਏ ਨੇ,
ਹੀਰ ਆਖੇ ਕਿ ਲਾਕਡਾਊਨ ਹੋਇਆ।
ਭਾਬੀਆਂ ਆਖਣ ਕਿ ਜ਼ਿੰਮੇਵਾਰ ਬਣ ਜਾ,
ਦੁਨੀਆ ਵਿੱਚ ਮਹਾਂਮਾਰੀ ਸੁਣਾਉਣ ਹੋਇਆ।
ਰਾਂਝਾ ਆਖਦਾ ਮੈਂ ਨਹੀ ਬਾਹਰ ਜਾਂਦਾ,
ਦੁਖੀ ਮੈਂ ਵੀ ਡਾਢਾ ਬੇਹਾਲ ਹੋਇਆ।
ਰੱਬੋਂ ਹੋਏ ਕਿਰਪਾ ਸਭ ਠੀਕ ਹੋਵਣ,
ਮੈਨੂੰ ਵੀ ਘਰੇ ਰਹਿਣ ਦਾ ਖ਼ਿਆਲ ਹੋਇਆ।
ਵਾਇਰਸ ਸ਼ਾਹ ਨਾ ਆਦਤਾਂ ਜਾਂਦੀਆਂ ਜੀ,
ਭਾਵੇਂ ਰੋਕਾਂ ਸੌ ਸੌ ਹਜ਼ਾਰ ਲਾਈਏ।
ਆਦਤਾਂ ਛੱਡਣ ਤੋਂ ਬਿਨਾਂ ਨੀ ਕੋਈ ਚਾਰਾ,
ਮਨ ਦੇ ਅੰਦਰ ਇਹ ਚੰਗਾ ਵਿਚਾਰ ਲਾਈਏ।

❖ **ਡਾ. ਬਲਵਿੰਦਰ ਪਾਲ ਸਿੰਘ**

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੯, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੨}

ਵਡਹੰਸੁ ਮਹਲਾ ੩, ਚਉਪਦਾ ੪-੭

| ਮੂਲ | ਅਰਥ |
|---|---|
| ਵਡਹੰਸੁ ਮਹਲਾ ੩॥ ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ॥ ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ॥੧॥ | (ਗੁਰਮੁਖ ਰੂਪੀ) ਸੁਹਾਗਣਾਂ ਦਾ ਮੂੰਹ ਸਦਾ ਹੀ ਉੱਜਲਾ ਰਹਿੰਦਾ ਹੈ ਗੁਰੂ (ਤੋਂ ਪ੍ਰਾਪਤ ਕੀਤੇ ਹੋਏ) ਸ਼ਾਂਤੀ ਸੁਭਾਵ ਵਿਚ ਰਹਿਣੇ ਕਰਕੇ। (ਕਿਉਂਕਿ ਓਹ ਮਨ) ਵਿਚੋਂ ਆਪਾ ਭਾਵ ਗੁਆਕੇ ਸਦੀਵ ਕਾਲ ਆਪਣੇ ਪਤੀ (ਪਰਮੇਸ਼ੁਰ) ਦਾ ਆਨੰਦ ਮਾਣਦੀਆਂ ਹਨ॥੧॥ |
| ਮੇਰੇ ਮਨ ਤੂੰ ਹਰਿ ਹਰਿ ਨਾਮੁ ਧਿਆਇ॥ ਸਤਗੁਰਿ ਮੋ ਕਉ ਹਰਿ ਦੀਆ ਬੁਝਾਇ॥੧॥ਰਹਾਉ॥ | (ਤਾਂਤੇ) ਹੇ ਮੇਰੇ ਮਨ! ਤੂੰ ਹਰੀ ਹਰਿ ਨਾਮ ਦੀ ਅਰਾਧਨਾ ਕਰ, ਸਤਿਗੁਰੂ ਨੇ (ਆਪ) ਮੈਨੂੰ ਹਰੀ ਬੁਝਾ ਦਿੱਤਾ ਹੈ॥੧॥ਰਹਾਉ॥ |
| ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ॥ ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ॥੨॥ | (ਮਨਮੁਖ ਰੂਪੀ) ਦੁਹਾਗਣਾਂ ਅਗੇ ਜਾ ਕੇ ਬਹੁਤ ਵਿਰਲਾਪ ਕਰਦੀਆਂ ਹਨ, (ਕਿਉਂਕਿ) ਉਨ੍ਹਾਂ ਨੂੰ (ਵਾਹਿਗੁਰੂ ਜੀ ਦਾ) ਸਰੂਪ ਪ੍ਰਾਪਤ ਨਹੀਂ ਹੁੰਦਾ, (ਓਹ) ਦ੍ਵੈਤ ਭਾਵਨਾ ਵਿਚ ਰਹਿਣੇ ਕਰਕੇ ਕੋਝੇ ਰੂਪ ਵਾਲੀਆਂ ਹੋਈਆਂ (ਓਥੇ) ਦੁੱਖ (ਹੀ) ਪਾਉਂਦੀਆਂ ਹਨ॥੨॥ |
| ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ॥ ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲ ਲਾਇ॥੩॥ | (ਗੱਲ ਕੀਹ) ਗੁਣਾਂ ਵਾਲੀ (ਇਸਤ੍ਰੀ ਭਾਵ ਗੁਰਮੁਖ) ਹਿਰਦੇ ਵਿਚ ਨਾਮ ਵਸਾ ਕੇ ਨਿਤ (ਪਤੀ ਪਰਮੇਸ਼ੁਰ ਦੇ) ਗੁਣ ਗਾਉਂਦੀ ਹੈ (ਸੋ ਸੁਖੀ ਰਹਿੰਦੀ ਹੈ, ਪਰ) ਅਉਗੁਣਾਂ ਵਾਲੀ (ਮਨਮੁਖ ਰੂਪੀ) ਇਸਤ੍ਰੀ ਨੂੰ (ਜਦ) ਦੁੱਖ ਆ ਲਗਦਾ ਹੈ ਤਾਂ ਰੋਂਦੀ ਹੈ॥੩॥ |
| ਸਭਨਾ ਕਾ ਭਤਾਰੁ ਏਕੁ ਹੈ ਸੁਆਮੀ ਕਹਣਾ ਕਿਛੂ ਨ ਜਾਇ॥ ਨਾਨਕ ਆਪੇ ਵੇਕ ਕੀਤਿਅਨੁ ਨਾਮੇ ਲਇਅਨੁ ਲਾਇ॥੪॥੪॥ | ਸਭਨਾਂ ਦਾ ਮਾਲਕ ਪਤੀ ਇਕੋ ਹੈ, ਕੁਛ ਕਿਹਾ ਨਹੀਂ ਜਾ ਸਕਦਾ। ਹੇ ਨਾਨਕ! ਆਪੇ ਹੀ ਵੱਖ ਕੀਤੇ ਹਨ (ਮਨਮੁਖ ਨਹੀਂ ਲਾਏ ਤੇ ਗੁਰਮੁਖ) ਨਾਮ ਵਿਚ ਲਾ ਲਏ ਹਨ॥੪॥੪॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸੰਕੇਤਕ ਰੂਪ 'ਚ ਹੋਏ ਸ਼ਹੀਦੀ ਸਮਾਗਮ

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਪੁਰਬ ਸ਼੍ਰੋਮਣੀ ਕਮੇਟੀ ਵੱਲੋਂ ਸੰਕੇਤਕ ਤੌਰ ਤੇ ਮਨਾਇਆ ਗਿਆ। ਇਸ ਸੰਬੰਧ 'ਚ ਗੁਰਦੁਆਰਾ ਰਾਮਸਰ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਹੋਇਆ। ਕਰੋਨਾ ਸੰਕਟ ਕਾਰਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਅਸਥਾਨਾਂ ਤੇ ਸੰਗਤਾਂ ਦੀ ਆਮਦ ਸੰਕੋਚਵੀਂ ਸੀ। ਇਸ ਵਾਰ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਵੀ ਨਹੀਂ ਲਾਈਆਂ ਗਈਆਂ। ਵਧੇਰੇ ਸੰਗਤਾਂ ਨੇ ਘਰਾਂ 'ਚ ਰਹਿ ਕੇ ਸੁਖਮਨੀ ਸਾਹਿਬ ਦੇ ਪਾਠ-ਅਰਦਾਸ ਕਰਕੇ ਪੰਜਵੇਂ ਪਾਤਸ਼ਾਹ ਪ੍ਰਤੀ ਆਪਣੀ ਅਕੀਦਤ ਭੇਟ ਕੀਤੀ। ਗੁਰੂ ਅਰਜਨ ਸਾਹਿਬ ਦੇ ਜਨਮ-ਅਸਥਾਨ ਗੁਰਦੁਆਰਾ ਚੁਬਾਰਾ ਸਾਹਿਬ, ਗੋਇੰਦਵਾਲ ਅਤੇ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਵਿਖੇ ਵੀ ਸੀਮਤ ਪੱਧਰ ਤੇ ਸਮਾਗਮ ਕੀਤੇ ਗਏ। ਸੰਗਤਾਂ ਦੀ ਆਮਦ ਘੱਟ ਰਹੀ।

## ਲੱਖਾਂ ਲੋਕਾਂ ਲਈ ਸਹਾਰਾ ਬਣਿਆ ਗੁਰੂ ਕਾ ਲੰਗਰ

ਮਹਾਰਾਸ਼ਟਰ 'ਚ ਕੌਮੀ ਸ਼ਾਹਰਾਹ-7 ਤੇ ਸਥਿਤ ਕਰੰਜੀ ਨੇੜੇ ਸਥਿਤ ਡੇਰਾ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਇਕ ਅਜਿਹੀ ਥਾਂ ਹੈ ਜਿੱਥੇ 15 ਕਿਲੋਮੀਟਰ ਪਿੱਛੇ ਅਤੇ 300 ਕਿਲੋਮੀਟਰ ਅੱਗੇ ਤਕ ਕੋਈ ਵੀ ਢਾਬਾ ਜਾਂ ਰੈਸਤਰਾਂ ਨਹੀਂ ਹੈ, ਇਸ ਲਈ ਇਸ ਸ਼ਾਹਰਾਹ ਤੋਂ ਗੁਜ਼ਰਦੇ ਜ਼ਿਆਦਾਤਰ ਲੋਗ ਇੱਥੋਂ ਲੰਗਰ ਛਕਦੇ ਹਨ ਤੇ ਅੱਗੇ ਲਈ ਰਵਾਨਗੀ ਭਰਦੇ ਹਨ। ਇੱਥੇ ਮੌਜੂਦ ਬਾਬਾ ਕਰਨੈਲ ਸਿੰਘ ਖਹਿਰਾ ਨੇ ਦੱਸਿਆ ਕਿ ਪੂਰੇ ਲਾਕਡਾਊਨ ਦੇ ਪੀਰੀਅਡ ਦੌਰਾਨ ਇਹ ਅਸਥਾਨ ਇੱਥੋਂ ਲੰਘਣ ਵਾਲੇ ਪਰਵਾਸੀ ਮਜ਼ਦੂਰਾਂ, ਰਾਹਗੀਰਾਂ, ਟਰੱਕ ਡਰਾਈਵਰਾਂ ਤੇ ਪਿੰਡਾਂ ਦੇ ਵਸਨੀਕਾਂ ਲਈ ਆਸਰਾ ਬਣਿਆ।

## ਅੱਠ ਜੂਨ ਤੋਂ ਖੁੱਲ੍ਹ ਜਾਣਗੇ ਧਾਰਮਿਕ ਅਸਥਾਨ

ਕੇਂਦਰ ਸਰਕਾਰ ਨੇ ਤਕਰੀਬਨ ਸਵਾ ਦੋ ਮਹੀਨੇ ਤੋਂ ਚਲ ਰਹੇ ਲਾਕਡਾਊਨ ਤੋਂ ਬਾਹਰ ਨਿਕਲਦਿਆਂ 8 ਜੂਨ ਤੋਂ ਅਨਲੌਕ-1 ਦੇ ਤਹਿਤ ਬਹੁਤ ਸਾਰੀਆਂ ਛੂਟਾਂ ਦੇ ਐਲਾਨ ਕਰਦਿਆਂ ਧਾਰਮਿਕ ਸਥਾਨਾਂ (ਮੰਦਰ, ਮਸਜਿਦ, ਗੁਰਦੁਆਰਾ, ਚਰਚ) ਨੂੰ ਵੀ ਸੰਗਤਾਂ ਲਈ ਖੋਲ੍ਹ ਦੇਣ ਦਾ ਨਿਰਣਾ ਲਿਆ ਹੈ ਪਰ ਨਾਲ ਹੀ ਇਹਤਿਆਤ ਰੱਖਣ ਦੀ ਹਦਾਇਤ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਸਰਕਾਰ ਦੇ ਇਸ ਫ਼ੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਇਹਤਿਆਤ ਸਹਿਤ ਹੀ ਧਾਰਮਿਕ ਸਥਾਨ ਖੋਲੇ ਜਾਣਗੇ।

## ਭਾਰਤ ਪੀੜਤ ਮੁਲਕਾਂ ਦੀ ਸੂਚੀ ਵਿਚ ਸਤਵੇਂ ਸਥਾਨ ਤੇ ਪਹੁੰਚਿਆ

**ਪੰਜਾਬ ਦਾ ਰਿਕਵਰੀ ਰੇਟ 91 ਫੀਸਦੀ ਦੇਸ਼ 'ਚ ਸਭ ਤੋਂ ਉਪਰ**

ਭਾਰਤ ਕਰੋਨਾਵਾਇਰਸ ਤੋਂ ਪੀੜਤ ਮੁਲਕਾਂ ਦੀ ਸ਼੍ਰੇਣੀ 'ਚ ਜਰਮਨੀ ਨੂੰ ਪਛਾੜ ਕੇ ਸਤਵੇਂ ਸਥਾਨ ਤੇ ਪਹੁੰਚ ਗਿਆ ਹੈ। ਅਮਰੀਕਾ, ਬਰਾਜ਼ੀਲ, ਰਸ਼ੀਆ, ਸਪੇਨ, ਇੰਗਲੈਂਡ, ਇਟਲੀ ਮੁਲਕ ਹਨ ਜਿੱਥੇ ਭਾਰਤ ਨਾਲੋਂ ਵਧ ਮਰੀਜ਼ ਹਨ। ਭਾਰਤ 'ਚ ਇਸ ਵੇਲੇ 1 ਲੱਖ 90 ਹਜ਼ਾਰ ਦੇ ਕਰੀਬ ਕੇਸ ਹਨ ਜਿਨ੍ਹਾਂ ਵਿਚੋਂ 90 ਹਜ਼ਾਰ ਠੀਕ ਹੋਏ ਹਨ। ਦੇਸ਼ ਅੰਦਰ ਕਰੋਨਾ ਪੀੜਤਾਂ ਦੇ ਠੀਕ ਹੋਣ ਦੀ ਦਰ ਤਕਰੀਬਨ 48 ਫ਼ੀਸਦੀ ਹੈ। ਮੌਤਾਂ ਦਾ ਅੰਕੜਾ 5200 ਦੇ ਲਾਗੇ ਹੈ। ਸਿਹਤ ਮੰਤਰਾਲੇ ਅਨੁਸਾਰ ਮਰਨ ਵਾਲੇ ਵਿਅਕਤੀਆਂ 'ਚੋਂ 70 ਫ਼ੀਸਦੀ ਵਿਅਕਤੀ ਕਿਸੇ ਨਾ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਸਨ।

ਕਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਹੈ। ਪੰਜਾਬ ਦਾ ਇਸ ਵੇਲੇ ਦੇਸ਼ ਭਰ 'ਚੋਂ ਰਿਕਵਰੀ ਰੇਟ ਸਭ ਤੋਂ ਵੱਧ (91 ਫੀਸਦੀ) ਹੈ। ਪੰਜਾਬ 'ਚ ਇਸ ਵੇਲੇ ਮਰੀਜ਼ਾਂ ਦੀ ਗਿਣਤੀ 2300 ਦੇ ਕਰੀਬ ਹੈ ਜਿਨ੍ਹਾਂ ਵਿਚੋਂ 2000 ਤੋਂ ਵਧ ਮਰੀਜ਼ ਠੀਕ ਹੋ ਕੇ ਘਰਾਂ ਨੂੰ ਪਰਤ ਚੁੱਕੇ ਹਨ।

## ਕੇਂਦਰੀ ਸਿੱਖ ਅਜਾਇਬ-ਘਰ 'ਚ ਲੱਗੇਗੀ ਬਲਬੀਰ ਸਿੰਘ ਸੀਨੀਅਰ ਦੀ ਤਸਵੀਰ



ਹਾਕੀ ਸੰਸਾਰ 'ਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ-ਘਰ ਵਿਚ ਸਥਾਪਿਤ ਹੋਵੇਗੀ। ਇਹ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਉਨ੍ਹਾਂ ਆਖਿਆ ਭਾਰਤ ਲਈ ਓਲੰਪਿਕ ਖੇਡਾਂ ਵਿਚ ਤਿੰਨ ਵਾਰ ਸੋਨ ਤਗਮਾ ਜਿੱਤਣ ਵਾਲੇ ਬਲਬੀਰ ਸਿੰਘ ਸੀਨੀਅਰ ਨੇ ਅਨੇਕਾਂ ਨਵੇਂ ਰਿਕਾਰਡ ਕਾਇਮ ਕਰਕੇ ਦੇਸ਼ ਤੇ ਕੌਮ ਦਾ ਮਾਣ ਵਧਾਇਆ ਹੈ। ਉਹਨਾਂ ਦਾ ਜੀਵਨ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਉਹਨਾਂ ਦੀ ਤਸਵੀਰ ਨੂੰ ਕੇਂਦਰੀ ਸਿੱਖ ਅਜਾਇਬ-ਘਰ ਵਿਚ ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ।